MORTGAGE EXPERT
ਮੌਰਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 11 ISSUE : 21 SATURDAY, 27 MAY, 2023
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੌਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਕੈਨੇਡੀਅਨ ਰਾਜਨੀਤੀ 'ਚ ਵਿਦੇਸ਼ੀ ਦਖਲਅੰਦਾਜ਼ੀ ਦੀ ਜਨਤਕ ਜਾਂਚ ਨਹੀਂ-ਡੇਵਿਡ ਜੌਹਨਸਟਨ

ਓਟਵਾ-ਡੇਵਿਡ ਜੌਹਨਸਟਨ ਨੇ ਕੈਨੇਡਾ ਦੀ ਰਾਜਨੀਤੀ ਵਿਚ ਵਿਦੇਸ਼ੀ ਦਖਲਅੰਦਾਜ਼ੀ ਦੀ ਜਨਤਕ ਜਾਂਚ ਕਰਵਾਉਣ ਖਿਲਾਫ ਸਿਫਾਰਸ਼ ਕੀਤੀ ਹੈ। ਇਸ ਪਿੱਛੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਸਰਕਾਰ ਸਿਫਾਰਸ਼ ਦੀ ਪਾਲਣਾ ਕਰੇਗੀ। ਸਾਰੀਆਂ ਵਿਰੋਧੀ ਪਾਰਟੀਆਂ ਵਲੋਂ ਜਨਤਕ ਜਾਂਚ ਦਾ ਸੱਦਾ ਦੇਣ ਅਤੇ ਸਰਕਾਰ ਵਲੋਂ ਖੁਦ ਇਹ ਕਹਿਣ ਕਿ ਜੇਕਰ ਜੌਹਨਸਟਨ ਨੇ ਜਨਤਕ ਜਾਂਚ ਦੀ ਸਿਫਾਰਸ਼ ਕੀਤੀ ਤਾਂ ਉਹ ਕਰਵਾਏਗੀ ਪਿੱਛੋਂ ਜੌਹਨਸਟਨ ਦਾ ਫ਼ੈਸਲਾ ਆਇਆ ਹੈ। ਜੌਹਨਸਟਨ ਨੇ ਇਕ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਜਦੋਂ ਉਨ੍ਹਾਂ ਨੇ ਇਹ ਪ੍ਰਕਿਰਿਆ ਸ਼ੁਰੂ ਕੀਤੀ ਤਾਂ ਉਸ ਨੇ ਸੋਚਿਆ ਸੀ ਕਿ ਉਹ ਵੀ ਇਸੇ ਤਰ੍ਹਾਂ ਦੇ ਸਿੱਟੇ 'ਤੇ ਪਹੁੰਚੇਗਾ ਅਤੇ ਉਹ ਜਨਤਕ ਜਾਂਚ ਦੀ ਸਿਫਾਰਸ਼ ਕਰੇਗਾ। ਉਨ੍ਹਾਂ ਕਿਹਾ ਕਿ ਭਾਵੇਂ ਇਹ ਸੌਖੀ ਚੋਣ ਹੋਣੀ ਸੀ ਪਰ ਇਹ ਗੱਲ ਠੀਕ ਨਹੀਂ। ਚੀਨੀ ਸਰਕਾਰ ਦੀ ਦਖਲਅੰਦਾਜ਼ੀ ਨਾਲ ਪੈਦਾ ਹੋਏ ਗੁੱਸੇ ਦੇ ਜਵਾਬ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮਾਰਚ ਮਹੀਨੇ ਵਿਦੇਸ਼ੀ ਦਖਲਅੰਦਾਜ਼ੀ ਬਾਰੇ ਜੌਹਨਸਟਨ ਨੂੰ ਇਕ ਵਿਸ਼ੇਸ਼ ਰਿਪੋਰਟਰ ਵਜੋਂ ਨਿਯੁਕਤ ਕੀਤਾ ਸੀ ਅਤੇ ਇਸ ਨੇ ਦਸਤਾਵੇਜ਼ਾਂ ਦਾ ਨਿਰੀਖਣ ਕਰਨ ਅਤੇ ਨੀਤੀ ਘਾੜਿਆਂ ਨਾਲ ਮੁਲਾਕਾਤ ਕਰਨ ਵਿਚ ਪਿਛਲੇ ਦੋ ਮਹੀਨੇ ਗੁਜ਼ਾਰੇ ਹਨ। ਜੌਹਨਸਟਨ ਨੇ ਕੰਸਰਵੇਟਿਵ ਨੇਤਾ ਪਿਅਰੇ ਪੋਲੀਵਰੇ ਵਲੋਂ ਜੌਹਨਸਟਨ ਦੇ ਟਰੂਡੋ ਪਰਿਵਾਰ ਅਤੇ ਪਿਅਰੇ ਏਲੀਅਟ ਟਰੂਡੋ ਫਾਊਂਡੇਸ਼ਨ ਨਾਲ ਸਬੰਧਾਂ ਦਾ ਹਵਾਲਾ ਦੇ ਕੇ ਕੰਸਰਵੇਟਿਵ ਨੇਤਾ ਪਿਅਰੇ ਪੋਲੀਵਰੇ ਦੇ ਹਮਲਿਆਂ ਦੇ ਜਵਾਬ ਵਿਚ ਆਪਣੀ ਨਿਰਪੱਖਤਾ ਦਾ ਬਚਾਅ ਵੀ ਕੀਤਾ। ਜੌਹਨਸਟਨ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਜਨਤਕ ਜਾਂਚ ਦੀ ਸਿਫਾਰਸ਼ ਨਾ ਕਰਦੇ ਹੋਏ ਉਸ ਨੇ ਖ਼ੁਫੀਆ ਜਾਣਕਾਰੀ ਨੂੰ ਅੱਗੇ ਪਹੁੰਚਾਉਣ ਅਤੇ ਸੁਰੱਖਿਆ ਏਜੰਸੀਆਂ ਤੋਂ ਲੈ ਕੇ ਸਰਕਾਰ ਤਕ ਕਾਰਵਾਈ ਕਰਨ ਵਿਚ ਗੰਭੀਰ ਖਾਮੀਆਂ ਦੇਖੀਆਂ ਹਨ। ਜੌਹਨਸਟਨ ਨੇ ਕਿਹਾ ਕਿ ਉਹ ਉਨ੍ਹਾਂ ਊਣਤਾਈਆਂ ਨੂੰ ਠੀਕ ਕਰਨ ਦੇ ਤਰੀਕੇ ਲੱਭਣ ਲਈ ਸੁਣਵਾਈ ਕਰਦੇ ਹੋਏ ਅਕਤੂਬਰ ਤਕ ਵਿਸ਼ੇਸ਼ ਰਿਪੋਰਟਰ ਵਜੋਂ ਆਪਣਾ ਕੰਮ ਜਾਰੀ ਰੱਖੇਗਾ।



### ਜਨਤਕ ਜਾਂਚ ਨਹੀਂ

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਜੌਹਨਸਟਨ ਦੀਆਂ ਸਿਫਾਰਸ਼ਾਂ 'ਤੇ ਸਰਕਾਰ ਅਮਲ ਕਰੇਗੀ ਅਤੇ ਵਿਰੋਧੀ ਪਾਰਟੀਆਂ ਦੇ ਦਬਾਅ ਦੇ ਬਾਵਜੂਦ ਜਨਤਕ ਜਾਂਚ ਨਹੀਂ ਕਰਵਾਈ ਜਾਵੇਗੀ। ਟਰੂਡੋ ਨੇ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਉਹ ਬਹੁਤ ਹੀ ਧਿਆਨ ਨਾਲ ਸੁਣਨ ਲਈ ਵਚਨਬੱਧ ਹੈ ਅਤੇ ਸਰਕਾਰ ਸਾਬਕਾ ਗਵਰਨਰ ਜਨਰਲ ਵਲੋਂ ਕੀਤੀਆਂ ਸਿਫਾਰਸ਼ਾਂ ਦੀ ਪਾਲਣਾ ਕਰੇਗੀ।

### ਜੌਹਨਸਟਨ ਨੇ ਹੇਠ ਲਿਖੇ ਪੰਜ ਸਿੱਟੇ ਕੱਢੇ

- ਵਿਦੇਸ਼ੀ ਸਰਕਾਰਾਂ ਵਲੋਂ ਰਾਜਸੀ ਉਮੀਦਵਾਰਾਂ ਤੇ ਵੋਟਰਾਂ 'ਤੇ ਪ੍ਰਭਾਵ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਕੋਸ਼ਿਸ਼ਾਂ ਖਿਲਾਫ ਲੜਨ ਲਈ ਹੋਰ ਕਈ ਕੁਝ ਕੀਤੇ ਜਾਣ ਦੀ ਲੋੜ ਹੈ।
- ਮੀਡੀਆ ਦਾ ਬਹੁਤਾ ਹਿੱਸਾ ਵਿਦੇਸ਼ੀ ਦਖਲਅੰਦਾਜ਼ੀ ਬਾਰੇ ਜਾਇਜ਼ ਸਵਾਲ ਉਠਾਉਂਦਾ ਹੈ ਪਰ ਇਸ ਵਿਚ ਪੂਰਾ ਸੰਦਰਭ ਮੌਜੂਦ ਨਹੀਂ ਅਤੇ ਸਿੱਟੇ ਵਜੋਂ ਪੱਤਰਕਾਰਾਂ ਵਲੋਂ ਗਲਤ ਅਰਥ ਕੱਢੇ ਗਏ।
- ਇਸ ਵਿਚ ਗੰਭੀਰ ਖਾਮੀਆਂ ਹਨ ਕਿ ਸੁਰੱਖਿਆ ਏਜੰਸੀਆਂ ਸਰਕਾਰ ਤਕ ਜਾਣਕਾਰੀ ਕਿਵੇਂ ਪਹੁੰਚਾਉਂਦੀਆਂ ਹਨ ਅਤੇ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਪ੍ਰਧਾਨ ਮੰਤਰੀ ਜਾਂ ਉਨ੍ਹਾਂ ਦੇ ਮੰਤਰੀ ਇੰਟੈਲੀਜੈਂਸ, ਸਲਾਹ ਅਤੇ ਸਿਫਾਰਸ਼ 'ਤੇ ਕਾਰਵਾਈ ਕਰਨ ਵਿਚ ਨਾਕਾਮ ਰਹੇ ਹਨ।
- ਰਿਪੋਰਟ ਵਿਚ ਇਸ ਗੱਲ ਦੀ ਪਛਾਣ ਕੀਤੀ ਗਈ ਹੈ ਕਿ ਵਿਦੇਸ਼ੀ ਦਖਲਅੰਦਾਜ਼ੀ ਦੀ ਜਨਤਕ ਜਾਂਚ ਤੋਂ ਇਲਾਵਾ ਹੋਰ ਪ੍ਰਕਿਰਿਆ ਦੀ ਵੀ ਲੋੜ ਹੁੰਦੀ ਹੈ ਜਿਸ ਵਿਚ ਮੁੱਦਿਆਂ 'ਤੇ ਜਨਤਕ ਸੁਣਵਾਈ ਸ਼ਾਮਿਲ ਹੈ।
- ਉਨ੍ਹਾਂ ਦੀ ਰਿਪੋਰਟ ਦੇ ਸਿੱਟੇ ਐਨਐਸਆਈਆਰਏ ਅਤੇ ਐਨਐਸਆਈਸੀਓਪੀ ਨੂੰ ਸਮੀਖਿਆ ਲਈ ਭੇਜੇ ਜਾਣੇ ਚਾਹੀਦੇ ਹਨ ਅਤੇ ਜੇਕਰ ਇਹ ਸੰਸਥਾਵਾਂ ਵੱਖੋ ਵੱਖਰੇ ਸਿੱਟੇ 'ਤੇ ਪਹੁੰਚਦੀਆਂ ਹਨ ਤਾਂ ਰਿਪੋਰਟ ਜਨਤਕ ਕਰਨੀ ਚਾਹੀਦੀ ਹੈ।

For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
-Complete Denture
-Implant Denture
-Partial Denture
-Reline, Rebase
-Emergency Repair
-Mouth / Night Guard
Open Seven Days | Care Home Mobile Service
Abbotsford Location Opening on March 15th
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਅੱਜ ਹੀ ਸਾਨੂੰ ਮਿਲੋ।
Gagan Chahal R.D.
Registered Denturist
Office: 778-600.0811, Gagan@DenturistBC.com
Address: 13117, 67A Ave, Surrey, BC

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368-2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

RR Renovation
- Full House Renovation
- Basement Renovation
- Washroom Renovation
- Kitchen Renovation
- Flooring= Tiles/ Laminate
All Framing/ Sundeck
Plumbing
Siding
Electric
Paint
Drywall
FREE Estimate
Quality Work
Ravinder Rana 236 632 2116
Sandeep Singh-778 317 2200
ravinders141991@gmail.com

ਪ੍ਰਦੇਸੀ
Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਗਏ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

# S|T &|A Simpson, Thomas and Associates

People involved in a dispute or injury need strong, experienced representation. As a legal team with over 50 years' experience

# We're raising the bar.

- Personal Injury
- ICBC Claims
- Family Law
- Immigration
- Employment Law
- Estate Litigation
- Insurance Denials

"Throughout the legal procedure, Simpson, Thomas & Associates have been clear, compassionate and efficient. The firm offers services in different languages which is helpful to my parents who are not familiar with Canadian laws."

– Hannah St

BBB ACCREDITED BUSINESS

We have translators fluent in Hindi, Punjabi, and Gujarati.

**Reach out for a legal consultation.**

604 229 6448 simpsonthomas.com

701-13761 96th Avenue, Surrey, BC V3V 0E8

**Experienced lawyers for your legal needs.**

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 21 SATURDAY, 27 MAY, 2023
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
ਤਿੰਨ ਰੰਗ
7pm to 10pm
B.C. Time Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com

## ਸਾਬਕਾ ਮੰਤਰੀ ਅਨਿਲ ਜੋਸ਼ੀ 2012 ਦੇ ਇਕ ਕੇਸ 'ਚੋਂ ਬਰੀ



ਅੰਮ੍ਰਿਤਸਰ-ਸਥਾਨਕ ਅਦਾਲਤ ਨੇ ਸਾਬਕਾ ਮੰਤਰੀ ਅਤੇ ਹੁਣ ਸੀਨੀਅਰ ਅਕਾਲੀ ਆਗੂ ਅਨਿਲ ਜੋਸ਼ੀ ਨੂੰ ਐਡਵੋਕੇਟ ਵਨੀਤ ਮਹਾਜਨ ਵਲੋਂ 2012 ਵਿੱਚ ਦਾਇਰ ਇੱਕ ਕੇਸ ਵਿੱਚੋਂ ਬਰੀ ਕਰ ਦਿੱਤਾ ਹੈ। ਵਨੀਤ ਮਹਾਜਨ ਨੇ ਦੋਸ਼ ਲਾਇਆ ਸੀ ਕਿ ਨਗਰ ਨਿਗਮ ਦੇ ਤਤਕਾਲੀ ਅਧਿਕਾਰੀ ਕਥਿਤ ਤੌਰ 'ਤੇ ਸ੍ਰੀ ਜੋਸ਼ੀ ਦੇ ਇਸ਼ਾਰੇ 'ਤੇ ਬਟਾਲਾ ਰੋਡ 'ਤੇ ਸਥਿਤ ਉਨ੍ਹਾਂ ਦੇ ਹੋਟਲ ਦੀ ਇਮਾਰਤ ਦੇ ਕਾਨੂੰਨੀ ਤੌਰ 'ਤੇ ਬਣੇ ਹਿੱਸੇ ਨੂੰ ਢਾਹੁਣ ਗਏ ਸਨ। ਸ੍ਰੀ ਜੋਸ਼ੀ ਦੇ ਵਕੀਲ ਅਮਨਦੀਪ ਸਿੰਘ ਨੇ ਕਿਹਾ ਕਿ ਮਹਾਜਨ ਨੇ ਦੋਸ਼ ਲਾਇਆ ਸੀ ਕਿ ਉਹ ਜੋਸ਼ੀ ਵਿਰੁੱਧ ਚੋਣਾਂ ਦੌਰਾਨ ਨਾਜਾਇਜ਼ ਸ਼ਰਾਬ ਜ਼ਬਤ ਕਰਨ ਦੇ ਮਾਮਲੇ ਵਿੱਚ ਗਵਾਹ ਸੀ, ਇਸ ਲਈ ਉਸ (ਜੋਸ਼ੀ) ਨੇ ਨਗਰ ਨਿਗਮ ਅਧਿਕਾਰੀਆਂ ਨੂੰ ਇਸ ਹਿੱਸੇ ਨੂੰ ਤੋੜਨ ਦੇ ਨਿਰਦੇਸ਼ ਦਿੱਤੇ ਸਨ। ਅਦਾਲਤ ਨੇ ਜੋਸ਼ੀ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ।

# ਕੇਂਦਰ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਜ਼ੈੱਡ ਪਲੱਸ ਸੁਰੱਖਿਆ ਦਿੱਤੀ

### ਖ਼ਾਲਿਸਤਾਨੀ ਸਰਗਰਮੀਆਂ ਕਾਰਣ ਜਾਨ ਨੂੰ ਖਤਰਾ ਦੱਸਿਆ



ਨਵੀਂ ਦਿੱਲੀ (ਦਿਓਲ)-ਕੇਂਦਰ ਸਰਕਾਰ ਨੇ ਦੇਸ਼ ਤੇ ਵਿਦੇਸ਼ ਤੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਦੇਸ਼ ਤੇ ਵਿਦੇਸ਼ ਤੋਂ ਸੰਭਾਵੀ ਖਤਰੇ ਨੂੰ ਦੇਖਦਿਆਂ ਉਨ੍ਹਾਂ ਨੂੰ 'ਜ਼ੈੱਡ ਪਲੱਸ' ਸੁਰੱਖਿਆ ਦਿੱਤੀ ਹੈ। ਇਹ ਜਾਣਕਾਰੀ ਅਧਿਕਾਰਤ ਸੂਤਰਾਂ ਨੇ ਦਿੱਤੀ। ਸੂਤਰਾਂ ਨੇ ਦੱਸਿਆ ਕਿ 49 ਸਾਲਾ ਭਗਵੰਤ ਮਾਨ ਨੂੰ ਕੇਂਦਰੀ ਰਿਜ਼ਰਵ ਪੁਲੀਸ ਫੋਰਸ (ਸੀਆਰਪੀਐੱਫ) ਦੇ ਵੀਆਈਪੀ ਸੁਰੱਖਿਆ ਦਸਤੇ ਵੱਲੋਂ ਸੁਰੱਖਿਆ ਮੁਹੱਈਆ ਕਰਵਾਈ ਜਾਵੇਗੀ। ਸੂਤਰਾਂ ਨੇ ਦੱਸਿਆ ਕਿ ਭਗਵੰਤ ਮਾਨ ਨੂੰ ਪੂਰੇ ਭਾਰਤ 'ਚ ਸਿਖਰਲੀ ਸ਼੍ਰੇਣੀ ਦੀ 'ਜ਼ੈੱਡ ਪਲੱਸ ਸੁਰੱਖਿਆ ਦਿੱਤੀ ਜਾਵੇਗੀ ਅਤੇ ਗ੍ਰਹਿ ਮੰਤਰਾਲੇ ਨੇ ਹਾਲ ਹੀ ਵਿੱਚ ਇਸ ਦੀ ਮਨਜ਼ੂਰੀ ਦਿੱਤੀ ਹੈ।' ਉਨ੍ਹਾਂ ਦੱਸਿਆ ਕਿ ਸੀਆਰਪੀਐੱਫ ਜਲਦੀ ਹੀ ਭਗਵੰਤ ਮਾਨ ਦੀ ਸੁਰੱਖਿਆ ਦਾ ਜ਼ਿਮਾ ਸੰਭਾਲੇਗੀ ਅਤੇ ਇਸ ਲਈ 55 ਹਥਿਆਰਬੰਦ ਜਵਾਨਾਂ ਦੀ ਟੀਮ ਭੇਜੀ ਗਈ ਹੈ। ਸੂਤਰਾਂ ਨੇ ਦੱਸਿਆ ਕਿ ਪੰਜਾਬ ਪੁਲੀਸ ਦੀ ਸੁਰੱਖਿਆ ਤੋਂ ਇਲਾਵਾ ਦਿੱਤੀ ਗਈ 'ਜ਼ੈੱਡ ਪਲੱਸ' ਸੁਰੱਖਿਆ ਮੁੱਖ ਮੰਤਰੀ ਦੀ ਰਿਹਾਇਸ਼ ਤੇ ਉਨ੍ਹਾਂ ਦੇ ਪਰਿਵਾਰ ਦੇ ਨੇੜਲੇ ਮੈਂਬਰਾਂ ਨੂੰ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਰਹੱਦੀ ਸੂਬੇ 'ਚ ਖਾਲਿਸਤਾਨੀ ਗਤੀਵਿਧੀਆਂ ਕਾਰਨ ਮੁੱਖ ਮੰਤਰੀ ਨੂੰ ਖਤਰੇ ਦੇ ਖਦਸ਼ੇ ਨੂੰ ਦੇਖਦਿਆਂ ਕੇਂਦਰੀ ਏਜੰਸੀਆਂ ਤੇ ਸੁਰੱਖਿਆ ਏਜੰਸੀਆਂ ਨੇ ਭਗਵੰਤ ਮਾਨ ਨੂੰ 'ਜ਼ੈੱਡ ਪਲੱਸ' ਸੁਰੱਖਿਆ ਦੇਣ ਦੀ ਸਿਫਾਰਸ਼ ਕੀਤੀ ਹੈ।

GOLDMINE INSURANCE
A MEMBER OF ALL CANADIAN INSURANCE
Home, Business, Auto autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

# ਯੂ.ਕੇ. 'ਚ ਵਿਦਿਆਰਥੀਆਂ ਵਲੋਂ ਮਾਪਿਆਂ ਨੂੰ ਮੰਗਵਾਉਣਾ ਔਖਾ ਹੋਇਆ

ਲੰਡਨ-ਯੂਕੇ ਦੀ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਨੇ ਕਿਹਾ ਹੈ ਕਿ ਸਿਰਫ਼ ਉਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਨੂੰ ਹੀ ਪਰਿਵਾਰਕ ਮੈਂਬਰਾਂ ਨੂੰ ਬਰਤਾਨੀਆ ਲਿਆਉਣ ਦੀ ਪ੍ਰਵਾਨਗੀ ਦਿੱਤੀ ਜਾਵੇਗੀ ਜੋ ਅਜਿਹੇ ਪੋਸਟਗ੍ਰੈਜੂਏਟ ਕੋਰਸ ਕਰ ਰਹੇ ਹਨ ਜਿਨ੍ਹਾਂ ਨੂੰ ਖੋਜ (ਰਿਸਰਚ) ਪ੍ਰੋਗਰਾਮ ਵਜੋਂ ਮਾਨਤਾ ਮਿਲੀ ਹੋਈ ਹੈ। ਅਜਿਹੇ ਵਿਦਿਆਰਥੀ ਹੀ ਆਪਣੇ ਬੱਚਿਆਂ ਜਾਂ ਬਜ਼ੁਰਗ ਮਾਤਾ-ਪਿਤਾ ਨੂੰ ਨਿਰਭਰ ਪਰਿਵਾਰਕ ਮੈਂਬਰਾਂ ਵਜੋਂ ਯੂਕੇ ਲਿਆ ਸਕਣਗੇ। ਹਾਊਸ ਆਫ ਕਾਮਨਜ਼ ਵਿਚ ਗ੍ਰਹਿ ਮੰਤਰੀ ਵੱਲੋਂ ਲਿਖਤੀ ਜਾਰੀ ਕੀਤੇ ਗਏ ਬਿਆਨ ਨਾਲ ਵਿਦੇਸ਼ੀ ਅਤੇ ਖਾਸ ਤੌਰ ਉਤੇ ਭਾਰਤੀ ਵਿਦਿਆਰਥੀਆਂ ਨੂੰ ਝਟਕਾ ਲੱਗੇਗਾ। ਉਨ੍ਹਾਂ ਲਈ ਹੁਣ ਬਰਤਾਨਵੀ ਸੰਸਥਾਵਾਂ ਵਿਚ ਪੜ੍ਹਦਿਆਂ ਆਪਣੇ ਉਤੇ ਨਿਰਭਰ ਪਰਿਵਾਰਕ ਮੈਂਬਰਾਂ ਨੂੰ ਯੂਕੇ ਲਿਆਉਣਾ ਔਖਾ ਹੋ ਜਾਵੇਗਾ। ਭਾਰਤੀ ਮੂਲ ਦੀ ਮੰਤਰੀ ਨੇ ਕਿਹਾ ਕਿ ਨਵੇਂ ਨਿਯਮ ਲਿਆਂਦੇ ਜਾਣੇ ਜ਼ਰੂਰੀ ਹੋ ਗਏ ਸਨ ਕਿਉਂਕਿ 1,36,000 ਵੀਜ਼ੇ ਪਹਿਲਾਂ ਹੀ ਦਸੰਬਰ 2022 ਨੂੰ ਖ਼ਤਮ ਹੋਏ ਸਾਲ ਤੱਕ ਵਿਦਿਆਰਥੀਆਂ 'ਤੇ ਨਿਰਭਰ ਪਰਿਵਾਰਕ ਮੈਂਬਰਾਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ। ਸਾਲ 2019 ਨਾਲੋਂ ਇਹ ਅੱਠ ਗੁਣਾ ਵੱਧ (16,000) ਹੈ। ਜ਼ਿਕਰਯੋਗ ਹੈ ਕਿ ਵੱਡੀ ਗਿਣਤੀ ਭਾਰਤੀ ਵਿਦਿਆਰਥੀ ਸਟੱਡੀ ਵੀਜ਼ਾ ਉਤੇ ਯੂਕੇ ਆਉਂਦੇ ਹਨ।

WE NOW OFFER OVER 40 PROGRAMS
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਈਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
www.ghainotary.ca
#151-12899 80th Ave, Surrey
Email: aanchal@ghainotary.ca

## ਬਰੈਂਪਟਨ 'ਚ ਪੰਜਾਬੀ ਵਲੋਂ ਚਾਕੂ ਮਾਰਕੇ ਪਤਨੀ ਦੀ ਹੱਤਿਆ

ਬਰੈਂਪਟਨ-ਬਰੈਂਪਟਨ ਦੇ ਇਕ ਪਾਰਕ 'ਚ ਇਕ ਪੰਜਾਬੀ ਔਰਤ ਦੀ ਚਾਕੂ ਮਾਰ ਕੇ ਹੱਤਿਆ ਕਰਨ ਦੇ ਦੋਸ਼ 'ਚ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸੂਤਰਾਂ ਮੁਤਾਬਿਕ



ਸ਼ੁੱਕਰਵਾਰ ਨੂੰ ਬਰੈਂਪਟਨ ਦੇ ਇੱਕ ਪਾਰਕ ਵਿੱਚ ਇੱਕ ਔਰਤ ਦੀ ਚਾਕੂ ਮਾਰ ਕੇ ਹੱਤਿਆ ਕਰਨ ਦੇ ਮਾਮਲੇ ਵਿੱਚ ਇੱਕ 44 ਸਾਲਾ ਵਿਅਕਤੀ ਉੱਤੇ ਦੋਸ਼ ਆਇਦ ਕੀਤੇ ਗਏ ਹਨ। ਪੀਲ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਾਮ 6 ਵਜੇ ਦੇ ਕਰੀਬ ਚੈਰੀਟ੍ਰੀ ਡਰਾਈਵ ਅਤੇ ਸਪੈਰੋ ਕੋਰਟ ਦੇ ਖੇਤਰ ਵਿੱਚ ਸਥਿਤ ਸਪੈਰੋ ਪਾਰਕ ਵਿੱਚ ਜ਼ਖਮੀ ਪਈ ਇਕ ਔਰਤ ਬਾਰੇ ਦੱਸਿਆ ਗਿਆ ਸੀ । ਜਦੋਂ ਉਹ ਪਹੁੰਚੇ ਤਾਂ ਉਹਨਾਂ ਨੇ ਇਕ ਔਰਤ ਨੂੰ ਫੁੱਟਪਾਥ 'ਤੇ ਜਖਮੀ ਹਾਲਤ ਵਿਚ ਪਾਇਆ । ਪੁਲਿਸ ਨੇ ਉਸਦੀ ਜਾਨ ਬਚਾਉਣ ਦੀਆਂ ਕੋਸ਼ਿਸ਼ ਕੀਤੀ ਪਰ ਉਸਨੂੰ ਬਚਾਇਆ ਨਾ ਜਾ ਸਕਿਆ। ਉਸ ਦੀ ਪਛਾਣ 43 ਸਾਲਾ ਔਰਤ ਦਵਿੰਦਰ ਕੌਰ ਵਜੋਂ ਹੋਈ ਹੈ। ਇਸ ਦੌਰਾਨ ਮੌਕੇ ਤੋਂ ਦੋ ਕਿਲੋਮੀਟਰ ਦੂਰ ਸ਼ੱਕੀ ਵਿਅਕਤੀ ਨੂੰ ਲੱਭ ਕੇ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਨੇ 44 ਸਾਲਾ ਨਵ ਨਿਸ਼ਾਨ ਸਿੰਘ ਖਿਲਾਫ ਫਰਸਟ-ਡਿਗਰੀ ਕਤਲ ਦੇ ਦੋਸ਼ ਲਗਾਏ ਹਨ। ਜ਼ਿਕਰਯੋਗ ਹੈ ਕਿ ਇਸ ਕਤਲ ਸਬੰਧੀ ਇਕ ਵੀਡੀਓ ਵੀ ਸੋਸ਼ਲ ਮੀਡੀਆ ਉਪਰ ਘੁੰਮ ਰਹੀ ਹੈ ਜਿਸ ਵਿਚ ਔਰਤ ਜਖਮੀ ਹਾਲਤ ਵਿਚ ਹੈ ਤੇ ਪਿੱਛੋ ਆ ਰਹੀ ਆਵਾਜ਼ ਵਿਚ ਉਸਨੂੰ ਕੀਤੇ ਦੀ ਸਜ਼ਾ ਦੇਣ ਦੀ ਗੱਲ ਕੀਤੀ ਜਾ ਰਹੀ ਹੈ।

## ਪ੍ਰੀਮੀਅਰ ਡੇਵਿਡ ਈਬੀ ਨੇ ਕਾਮਾਗਾਟਾਮਾਰੂ ਦੀ ਦੁਖਦਾਈ ਘਟਨਾ ਨੂੰ ਯਾਦ ਕੀਤਾ

ਵਿਕਟੋਰੀਆ-ਪ੍ਰੀਮੀਅਰ ਡੇਵਿਡ ਈਬੀ ਨੇ ਬ੍ਰਿਟਿਸ਼ ਕੋਲੰਬੀਆ ਵਿੱਚ ਕਾਮਾਗਾਟਾ ਮਾਰੂ ਦੇ ਆਗਮਨ ਦੀ 109 ਵੀਂ ਵਰ੍ਹੇਗੰਢ ਮੌਕੇ ਇਤਿਹਾਸ ਦੀ ਉਸ ਦੁਖਦਾਈ ਘਟਨਾ ਨੂੰ ਯਾਦ ਕਰਦਿਆਂ ਕਿਹਾ ਹੈ ਕਿ "ਅੱਜ ਵੈਨਕੂਵਰ ਹਾਰਬਰ 'ਤੇ ਸਮੁੰਦਰੀ ਜਹਾਜ਼ ਕਾਮਾਗਾਟਾ ਮਾਰੂ ਦੇ ਪਹੁੰਚਣ ਦੀ 109 ਵੀਂ ਵਰ੍ਹੇਗੰਢ ਹੈ। ਜਹਾਜ਼ ਵਿੱਚ ਸਵਾਰ 376 ਸਿੱਖ, ਮੁਸਲਿਮ ਅਤੇ ਹਿੰਦੂ ਯਾਤਰੀ ਕੈਨੇਡਾ ਵਿੱਚ ਇੱਕ ਬੇਹਤਰ ਜ਼ਿੰਦਗੀ ਦੀ ਭਾਲ ਵਿੱਚ ਆਏ ਸਨ। ਉਹਨਾਂ ਦਾ ਆਪਣੇ ਅਤੇ ਆਪਣੇ ਪਰਿਵਾਰਾਂ ਲਈ ਇੱਕ ਨਵੀਂ ਜ਼ਿੰਦਗੀ ਬਣਾਉਣ ਦਾ ਇੱਕ ਸਾਂਝਾ ਲਕਸ਼ ਸੀ।



"ਜਦੋਂ ਉਹਨਾਂ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਸੀ, ਤਾਂ ਉਸ ਦੀ ਬਜਾਏ ਉਹਨਾਂ ਨੂੰ ਵਿਰੋਧ ਅਤੇ ਪੱਖਪਾਤ ਦਾ ਸਾਹਮਣਾ ਕਰਨਾ ਪਿਆ। ਕਨੇਡੀਅਨ ਇਮੀਗ੍ਰੇਸ਼ਨ ਦੇ ਅਧਿਕਾਰੀਆਂ ਨੇ ਉਹਨਾਂ ਨੂੰ ਜਹਾਜ਼ ਤੋਂ ਉਤਰਨ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ। ਯਾਤਰੀਆਂ ਨੂੰ ਦੋ ਮਹੀਨਿਆਂ ਤੱਕ ਜਹਾਜ਼ ਵਿੱਚ ਹੀ ਸੀਮਤ ਰੱਖਿਆ ਗਿਆ, ਜਿਸ ਦੌਰਾਨ ਭੋਜਨ ਅਤੇ ਇੱਥੋਂ ਤੱਕ ਕਿ ਪਾਣੀ ਦੀ ਸਪਲਾਈ 'ਤੇ ਵੀ ਪਾਬੰਦੀ ਲਗਾਈ ਗਈ ਸੀ, ਜਿਸ ਨਾਲ ਹਾਲਾਤ ਅਸਹਿਣਸ਼ੀਲ ਹੋ ਗਏ ਸਨ। ਦੋ ਮਹੀਨਿਆਂ ਬਾਅਦ, ਕਾਮਾਗਾਟਾ ਮਾਰੂ ਨੇਵਲ ਕਰੂਜ਼ਰ ਦੀ ਅਗਵਾਈ ਹੇਠ ਏਸ਼ੀਆ ਲਈ ਰਵਾਨਾ ਕਰ ਦਿੱਤਾ ਗਿਆ ਸੀ। "ਯਾਤਰੀਆਂ ਵਿੱਚ ਵਿਦਿਆਰਥੀ, ਮਜ਼ਦੂਰ, ਅਤੇ ਸਾਬਕਾ ਫ਼ੌਜੀ ਸ਼ਾਮਲ ਸਨ। ਇਸ ਨਵੀਂ ਧਰਤੀ 'ਤੇ ਜੋ ਜ਼ਿੰਦਗੀਆਂ ਬਣਾਉਣ ਦੀ ਇੱਛਾ ਉਹ ਰੱਖਦੇ ਸਨ ਅਤੇ ਸਾਡੇ ਸਮਾਜ ਵਿੱਚ ਜੋ ਉਹਨਾਂ ਦਾ ਸੰਭਾਵਤ ਯੋਗਦਾਨ ਹੋਣਾ ਸੀ, ਅਸੀਂ ਉਸ ਤੋਂ ਹਮੇਸ਼ਾ ਅਣਜਾਣ ਰਹਾਂਗੇ। "ਬ੍ਰਿਟਿਸ਼ ਕੋਲੰਬੀਆ ਸੂਬੇ ਨੇ 2008 ਵਿੱਚ ਕਾਮਾਗਾਟਾ ਮਾਰੂ ਯਾਤਰੀਆਂ ਨਾਲ ਵਿਤਕਰਾ ਕਰਨ ਵਿੱਚ ਆਪਣੀ ਭੂਮਿਕਾ ਲਈ ਬਕਾਇਦਾ ਮੁਆਫ਼ੀ ਮੰਗੀ ਸੀ। ਪਿਛਲੇ ਸਾਲ, ਸਰਕਾਰ ਨੇ ਸਾਡੇ ਸੂਬੇ ਦੇ ਸੱਭਿਆਚਾਰ, ਇਤਿਹਾਸ, ਅਤੇ ਆਰਥਿਕਤਾ ਵਿੱਚ ਦੱਖਣੀ-ਏਸ਼ਿਆਈ ਕਨੇਡਿਅਨ ਲੋਕਾਂ ਦੇ ਯੋਗਦਾਨ ਬਾਰੇ ਜਾਗਰੂਕਤਾ ਪੈਦਾ ਕਰਨ ਲਈ 'ਸਾਊਥ ਏਸ਼ੀਅਨ ਕਨੇਡਿਅਨ ਲੈਗੇਸੀ ਪ੍ਰੋਜੈਕਟ' ਨੂੰ ਫੰਡ ਕੀਤਾ। ਇਸ ਦੌਰਾਨ ਦੱਖਣੀ-ਏਸ਼ਿਆਈ ਕਨੇਡਿਅਨ ਲੋਕਾਂ ਦੀਆਂ ਕਹਾਣੀਆਂ, ਕਲਾਕ੍ਰਿਤੀਆਂ, ਅਤੇ ਦਸਤਾਵੇਜ਼ਾਂ ਨੂੰ ਸਾਂਝਾ ਕਰਨ ਅਤੇ ਸੁਰੱਖਿਅਤ ਰੱਖਣ ਲਈ ਇੱਕ ਮਿਊਜ਼ੀਅਮ ਬਣਾਉਣ ਲਈ ਸਲਾਹ-ਮਸ਼ਵਰੇ ਜਾਰੀ ਹਨ। "ਸਾਡੀ ਸਰਕਾਰ ਨੇ ਪਿਛਲੇ ਸਾਲ ਇੱਕ ਨਸਲਵਾਦ-ਵਿਰੋਧੀ ਡੇਟਾ ਐਕਟ ਪੇਸ਼ ਕੀਤਾ, ਜੋ ਕੈਨੇਡਾ ਵਿੱਚ ਆਪਣੀ ਕਿਸਮ ਦਾ ਪਹਿਲਾ ਅਜੇਹਾ ਐਕਟ ਹੈ। ਜਦ ਅਸੀਂ ਹਰੇਕ ਲਈ ਇੱਕ ਵਧੇਰੇ ਨਿਰਪੱਖਤਾ ਵਾਲਾ, ਸੰਮਿਲਿਤ ਅਤੇ ਸਵਾਗਤ ਕਰਨ ਵਾਲਾ ਸੂਬਾ ਬਣਾਉਣਾ ਜਾਰੀ ਰੱਖ ਰਹੇ ਹਾਂ, ਇਹ ਪ੍ਰਣਾਲੀਗਤ ਨਸਲਵਾਦ ਨੂੰ ਖਤਮ ਕਰਨ ਵੱਲ ਇੱਕ ਹੋਰ ਮਹੱਤਵਪੂਰਨ ਕਦਮ ਹੈ।"

## ਆਈਆਰਸੀਸੀ ਨੇ ਤਾਜ਼ਾ ਐਕਸਪ੍ਰੈਸ ਐਂਟਰੀ ਡਰਾਅ ਵਿਚ 4800 ਉਮੀਦਵਾਰਾਂ ਨੂੰ ਦਿੱਤਾ ਸੱਦਾ

ਓਟਵਾ-ਆਈਆਰਸੀਸੀ ਨੇ 2023 ਦੇ 13ਵੇਂ ਐਕਸਪ੍ਰੈਸ ਐਂਟਰੀ ਡਰਾਅ ਵਿਚ 4800 ਉਮੀਦਵਾਰਾਂ ਨੂੰ ਸੱਦਾ ਦਿੱਤਾ ਹੈ। ਇਮੀਗ੍ਰੇਸ਼ਨ ਰਿਫਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਨੇ ਆਲ-ਪ੍ਰੋਗਰਾਮ ਡਰਾਅ ਵਿਚ 4800 ਉਮੀਦਵਾਰਾਂ ਨੂੰ ਸੱਦਾ ਪੱਤਰ (ਆਈਟੀਏਐਸ) ਜਾਰੀ ਕੀਤੇ ਹਨ। ਉਮੀਦਵਾਰਾਂ ਨੂੰ ਕੰਪਰੀਹੈਂਸਿਵ ਰੈਂਕਿੰਗ ਸਿਸਟਮ ਵਿਚ ਘੱਟੋ ਘੱਟ 488 ਸਕੋਰ ਦੀ ਲੋੜ ਹੁੰਦੀ ਹੈ। ਇਹ 26 ਅਪ੍ਰੈਲ ਪਿੱਛੋਂ ਪਹਿਲਾ ਆਲ-ਪ੍ਰੋਗਰਾਮ ਡਰਾਅ ਹੈ। ਆਲ-ਪ੍ਰੋਗਰਾਮ ਡਰਾਅ ਵਿਚ ਐਕਸਪ੍ਰੈਸ ਐਂਟਰੀ ਐਪਲੀਕੇਸ਼ਨ ਮੈਨੇਜਮੈਂਟ ਸਿਸਟਮ ਤਹਿਤ ਆਉਂਦੇ ਸਾਰੇ ਪ੍ਰੋਗਰਾਮਾਂ ਫੈਡਰਲ ਸਕਿਲਡ ਵਰਕਰ ਪ੍ਰੋਗਰਾਮ (ਐਫਐਸਡਬਲਯੂਪੀ), ਦੀ ਕੈਨੇਡੀਅਨ ਐਕਸਪੀਰੀਐਂਸ ਕਲਾਸ (ਸੀਈਐਸ) ਜਾਂ ਫੈਡਰਲ ਸਕਿਲਡ ਟਰੇਡਜ਼ ਪ੍ਰੋਗਰਾਮ (ਐਫਐਸਟੀਪੀ) ਦੇ ਉਮੀਦਵਾਰਾਂ ਨੂੰ ਵਿਚਾਰਿਆ ਜਾਂਦਾ ਹੈ। ਇਹ 10 ਮਈ ਨੂੰ ਕੱਢੇ ਗਏ ਪਿਛਲੇ ਡਰਾਅ ਪਿੱਛੋਂ ਕੱਢਿਆ ਗਿਆ ਹੈ ਜਿਸ ਵਿਚ 589 ਉਮੀਦਵਾਰਾਂ ਪ੍ਰੋਵਿੰਸ਼ੀਅਲ ਨਾਮਨੀ ਪ੍ਰੋਗਰਾਮ ਤਹਿਤ ਸੱਦਾ ਮਿਲਿਆ ਸੀ। ਪੀਐਨਪੀ ਆਨਲੀ ਡਰਾਅ ਵਿਚ ਉਮੀਦਵਾਰਾਂ 'ਤੇ ਕੇਵਲ ਤਾਂ ਹੀ ਵਿਚਾਰ ਕੀਤੀ ਜਾਂਦੀ ਹੈ ਜੇਕਰ ਉਹ ਐਕਸਪ੍ਰੈਸ ਐਂਟਰੀ ਪੂਲ ਵਿਚ ਹੋਣ ਅਤੇ ਉਨ੍ਹਾਂ ਨੂੰ ਕਿਸੇ ਕੈਨੇਡੀਅਨ ਸੂਬੇ ਨੇ ਨਾਮਜ਼ਦ ਕੀਤਾ ਹੋਵੇ।

## ਡਾ. ਸਾਧੂ ਸਿੰਘ ਦੀ ਪੁਸਤਕ 'ਕੋਈ ਸਮਝੌਤਾ ਨਹੀਂ' ਦਾ ਰਿਲੀਜ਼ ਸਮਾਰੋਹ 3 ਜੂਨ ਨੂੰ






ਸਰੀ (ਹਰਦਮ ਮਾਨ)- ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ, ਕੈਨੇਡਾ ਵੱਲੋਂ ਪੰਜਾਬੀ ਦੇ ਨਾਮਵਰ ਵਿਦਵਾਨ ਡਾ. ਸਾਧੂ ਸਿੰਘ ਦੀ ਨਵ-ਪ੍ਰਕਾਸ਼ਿਤ ਪੁਸਤਕ 'ਕੋਈ ਸਮਝੌਤਾ ਨਹੀਂ' ਨੂੰ ਰਿਲੀਜ਼ ਕਰਨ ਅਤੇ ਇਸ ਉੱਪਰ ਵਿਚਾਰ ਚਰਚਾ ਕਰਨ ਲਈ 3 ਜੂਨ 2023 ਦਿਨ ਸ਼ਨੀਵਾਰ ਬਾਅਦ ਦੁਪਹਿਰ 1 ਵਜੇ ਪ੍ਰੋਗਰੈਸਿਵ ਕਲਚਰਲ ਸੈਂਟਰ (126 -7536, 130 ਸਟਰੀਟ) ਸਰੀ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਜਾ ਰਿਹਾ ਹੈ। ਇਹ ਪੁਸਤਕ ਡਾ. ਸਾਧੂ ਸਿੰਘ ਦੀ ਆਪਣੀ ਜਲਾਵਤਨੀ ਤੱਕ ਦੀ ਦਾਸਤਾਨ ਹੈ। ਇਹ ਜਾਣਕਾਰੀ ਦਿੰਦਿਆਂ ਸਤੀਸ਼ ਗੁਲਾਟੀ ਅਤੇ ਸੁਰਿੰਦਰ ਚਾਹਲ ਨੇ ਦੱਸਿਆ ਹੈ ਕਿ ਇਸ ਸਮਾਗਮ ਵਿਚ ਡਾ. ਸਾਧੂ ਬਿਨਿੰਗ, ਸੁਖਵੰਤ ਹੁੰਦਲ, ਹਰਜਿੰਦਰ ਸਿੰਘ ਥਿੰਦ, ਜਰਨੈਲ ਸਿੰਘ ਸੇਖਾ, ਡਾ. ਸੁਖਬੀਰ ਕੌਰ ਮਾਹਲ, ਅੰਗਰੇਜ਼ ਬਰਾੜ, ਡਾ. ਰਘਬੀਰ ਸਿੰਘ ਸਿਰਜਣਾ, ਕਾਮਰੇਡ ਹਰਭਜਨ ਚੀਮਾ, ਦਵਿੰਦਰ ਸਿੰਘ ਪੂਨੀਆ, ਨਵਜੋਤ ਢਿੱਲੋਂ, ਹਰਿੰਦਰ ਕੌਰ ਸੋਹੀ, ਪ੍ਰੋ. ਗੁਰਬਾਜ ਬਰਾੜ, ਕਾਮਰੇਡ ਨਵਰੂਪ ਸਿੰਘ, ਸ਼ਾਇਰ ਜਸਵਿੰਦਰ, ਡਾ. ਸੁਖਵਿੰਦਰ ਵਿਰਕ, ਮੋਹਨ ਗਿੱਲ, ਸ਼ਹਿਜ਼ਾਦ ਨਜ਼ੀਰ ਖਾਨ, ਜਰਨੈਲ ਸਿੰਘ ਆਰਟਿਸਟ, ਜਸਕਰਨ ਸਹੋਤਾ ਅਤੇ ਹੋਰ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮਾਰੋਹ ਵਿਚ ਸ਼ਾਮਲ ਹੋਣ ਲਈ ਸਮੂਹ ਸਾਹਿਤ ਪ੍ਰੇਮੀਆਂ ਨੂੰ ਹਾਰਦਿਕ ਸੱਦਾ ਦਿੱਤਾ ਗਿਆ ਹੈ।

EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515
Dr. Anjanpal Kaur Bhalla



CMA 2023 AWARD WINNER
Mortgage Broker of the Year BC
PURCHASE
QUICK APPROVAL
REFINANCE
RENEWAL
Raj Gill, AMP
VANCOUVER
Unit 200-6330 Fraser St
E: airraj@shaw.ca
604 564 1000
Our Symbol of Care & Service
Superior Mortgage
The Banking Alternative
www.QUICKAPPROVAL.ca
Sharnjit S Gill, AMP
SURREY
Unit 244 8138 128 St,
E: sharnjitgill@shaw.ca
604 507 1000
WE CELEBRATE OVER ONE BILLION IN MORTGAGES FUNDED!
• Free* Half Legal Fee • Cash Back up to $4,000*
*Some conditions apply.





JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan
BBB



| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |





*RATES SUBJECT TO CHANGE WITHOUT ANY NOTICE
HOUSE INSURANCE UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
Ask for Special Rate for Super Visa Insurance
Money Back upon Visa Declined
Wawanesa Insurance
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Call Us Before You Renew / Buy Any Insurance Lien & Accident Search Available

# ਜਸਵੰਤ ਸਿੰਘ ਵਿਰਦੀ ਕਾਵੈਂਟਰੀ ਸਿਟੀ ਦੇ ਲਾਰਡ ਮੇਅਰ

ਲੰਡਨ-ਕੌਂਸਲਰ ਜਸਵੰਤ ਸਿੰਘ ਵਿਰਦੀ ਨੂੰ ਅਗਲੇ ਇਕ ਸਾਲ ਲਈ ਕਾਵੈਂਟਰੀ ਸਿਟੀ ਦਾ ਲਾਰਡ ਮੇਅਰ ਨਿਯੁਕਤ ਕੀਤਾ ਗਿਆ ਹੈ।



ਵਿਰਦੀ ਜਿਹੜੇ ਪਿਛਲੇ 12 ਮਹੀਨਿਆਂ ਤੋਂ ਡਿਪਟੀ ਲਾਰਡ ਮੇਅਰ ਚਲੇ ਆ ਰਹੇ ਸਨ ਨੂੰ ਕਾਵੈਂਟਰੀ ਕੈਥਰਡਲ ਵਿਖੇ ਸਾਲਾਨਾ ਜਨਰਲ ਮੀਟਿੰਗ ਵਿਖੇ ਚੇਨਜ਼ ਆਫ ਆਫਿਸ ਪੇਸ਼ ਕੀਤਾ ਗਿਆ ਭਾਵ ਜ਼ਿੰਮੇਵਾਰੀ ਸੌਂਪੀ ਗਈ। ਉਹ ਕਾਵੈਂਟਰੀ ਦਾ ਪਹਿਲਾ ਦਸਤਾਰਧਾਰੀ ਮੇਅਰ ਹੋਣ ਦਾ ਮਾਣ ਰੱਖਦੇ ਹਨ। ਵਿਰਦੀ ਸ਼ਹਿਰ ਦੇ 17 ਸਾਲ ਤੋਂ ਕੌਂਸਲਰ ਚਲੇ ਆ ਰਹੇ ਹਨ ਅਤੇ ਪਿਛਲੇ 9 ਸਾਲ ਤੋਂ ਬਾਬਲਕੇ ਵਾਰਡ ਦੀ ਪ੍ਰਤੀਨਿਧਤਾ ਕਰ ਰਹੇ ਹਨ। ਕੌਂਸਲ ਦੀ ਵੈੱਬਸਾਈਟ ਮੁਤਾਬਿਕ ਉਨ੍ਹਾਂ ਦੀ ਪਤਨੀ ਕ੍ਰਿਸ਼ਨਾ ਲੇਡੀ ਮੇਅਰਸ ਹੈ। ਵਿਰਦੀ ਦਾ ਜਨਮ ਪੰਜਾਬ ਦੇ ਇਕ ਪਿੰਡ ਵਿਚ ਹੋਇਆ ਅਤੇ ਬਚਪਨ ਦਾ ਕੁਝ ਸਮਾਂ ਪਾਕਿਸਤਾਨ ਵਿਚ ਲਾਹੌਰ ਅਤੇ ਪੱਛਮੀ ਬੰਗਾਲ ਵਿਚ ਕਲਕੱਤਾ ਵਿਚ ਬਿਤਾਇਆ ਕਿਉਂਕਿ ਉਨ੍ਹਾਂ ਦਾ ਪਰਿਵਾਰ ਰੋਜ਼ੀ ਰੋਟੀ ਦਾ ਭਾਲ ਵਿਚ ਉਪਰੋਕਤ ਥਾਵਾਂ 'ਤੇ ਰਿਹਾ। 1950 ਦੇ ਦਹਾਕੇ ਦੇ ਮੱਧ ਵਿਚ ਉਹ ਮਾਪਿਆਂ ਨਾਲ ਕੀਨੀਆ ਆ ਗਿਆ ਜਿਥੇ ਉਨ੍ਹਾਂ ਨੇ ਪ੍ਰਾਇਮਰੀ ਤੇ ਸੈਕੰਡਰੀ ਸਿੱਖਿਆ ਹਾਸਲ ਕੀਤੀ। ਉਚੇਰੀ ਸਿੱਖਿਆ ਲਈ ਉਹ 60 ਦੇ ਦਹਾਕੇ ਵਿਚ ਬਰਤਾਨੀਆ ਚਲੇ ਗਏ। ਉਹ ਕਹਿੰਦੇ ਹਨ ਕਿ ਇਕ ਸਿੱਖ ਹੋਣ ਦਾ ਮਤਲਬ ਉਹ ਚੇਅਨਜ਼ ਆਫ ਆਫਿਸ ਤੇ ਦਸਤਾਰ ਪਹਿਨਣਗੇ।

# ਬਰੈਂਪਟਨ ਦੀ ਪਾਰਕ ਵਿਚ ਔਰਤ ਦਾ ਚਾਕੂ ਮਾਰ ਕੇ ਕਤਲ ਕਰਨ ਵਾਲੇ ਵਿਅਕਤੀ 'ਤੇ ਦੋਸ਼ ਆਇਦ

ਟੋਰਾਂਟੋ-ਬਰੈਂਪਟਨ ਦੇ ਇਕ ਪਾਰਕ ਵਿਚ ਇਕ ਔਰਤ ਨੂੰ ਚਾਕੂ ਮਾਰ ਕੇ ਮੌਤ ਦੇ ਘਾਟ ਉਤਾਰਨ ਦੇ ਸਬੰਧ ਵਿਚ 44 ਸਾਲਾ ਇਕ ਵਿਅਕਤੀ 'ਤੇ ਦੋਸ਼ ਲਗਾਏ ਗਏ ਹਨ। ਪੀਲ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਾਮ 6 ਵਜੇ ਦੇ ਲਗਪਗਚੈਰੀਟਰੀ ਡਰਾਈਵ ਅਤੇ ਸਪੈਰੋ ਕੋਰਟ ਇਲਾਕੇ ਵਿਚ ਸਥਿਤ ਸਪੈਰੋ ਪਾਰਕ ਵਿਚ ਮੈਡੀਕਲ ਸਹਾਇਤਾ ਲਈ ਬੁਲਾਇਆ ਗਿਆ ਸੀ। ਜਦੋਂ ਅਫਸਰ ਮੌਕੇ 'ਤੇ ਪੁੱਜੇ ਤਾਂ ਉਨ੍ਹਾਂ ਨੂੰ ਫੁੱਟਪਾਥ 'ਤੇ ਜ਼ਖ਼ਮੀ ਹਾਲਤ ਵਿਚ ਪਈ ਔਰਤ ਮਿਲੀ। ਪੁਲਿਸ ਨੇ ਬਾਅਦ ਵਿਚ ਪੁਸ਼ਟੀ ਕੀਤੀ ਕਿ ਉਸ ਦੇ ਛੁਰਾ ਮਾਰਿਆ ਗਿਆ ਹੈ। ਜ਼ਿੰਦਗੀ ਬਚਾਉਣ ਦੇ ਯਤਨ ਕਰਨ ਦੇ ਬਾਵਜੂਦ ਔਰਤ ਨੂੰ ਮੌਕੇ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ। ਉਸ ਦੀ ਪਛਾਣ 43 ਸਾਲਾ ਦਵਿੰਦਰ ਕੌਰ ਵਜੋਂ ਕੀਤੀ ਗਈ ਸੀ। ਇਸੇ ਦੌਰਾਨ ਸ਼ੱਕੀ ਨੂੰ ਘਟਨਾ ਵਾਲੀ ਥਾਂ ਤੋਂ ਦੋ ਕਿਲੋਮੀਟਰ ਦੀ ਦੂਰੀ ਤੋਂ ਗ੍ਰਿਫ਼ਤਾਰ ਕਰ ਲਿਆ। ਪੁਲਿਸ ਨੇ ਐਲਾਨ ਕੀਤਾ ਕਿ 44 ਸਾਲਾ ਨਵ ਨਿਸ਼ਾਨ ਸਿੰਘ ਫਸਟ ਡਿਗਰੀ ਕਤਲ ਕੇਸ ਦਾ ਸਾਹਮਣਾ ਕਰ ਰਿਹਾ ਹੈ। ਉਹ ਸਨਿਚਰਵਾਰ ਸਵੇਰੇ ਅਦਾਲਤ ਵਿਚ ਪੇਸ਼ ਹੋਵੇਗਾ। ਇਸ ਤੋਂ ਪਹਿਲਾਂ ਪੁਲਿਸ ਨੇ ਕਿਹਾ ਸੀ ਕਿ ਕਤਲ ਕੀਤੀ ਗਈ ਔਰਤ ਤੇ ਸ਼ੱਕੀ ਇਕ ਦੂਸਰੇ ਨੂੰ ਜਾਣਦੇ ਸਨ ਪਰ ਉਨ੍ਹਾਂ ਦੇ ਸਬੰਧਾਂ ਬਾਰੇ ਸਪਸ਼ਟ ਨਹੀਂ ਸੀ ਕੀਤਾ ਗਿਆ।

# ਸਰੀ ਪੁਲਿਸ ਫੋਰਸ ਵਲੋਂ ਉਸ ਦੇ ਭਵਿੱਖ ਦੀ ਸਥਿਤੀ ਨੂੰ ਸਾਫ ਕਰਨ ਦਾ ਸੱਦਾ

ਸਰੀ-ਸ਼ਹਿਰ ਦੀ ਮਿਉਂਸਪਲ ਪੁਲਿਸ ਸਰਵਿਸ ਦਾ ਕਹਿਣਾ ਕਿ ਸ਼ਹਿਰ ਵਿਚ ਪੁਲਿਸ ਪ੍ਰਬੰਧ ਦੇ ਭਵਿੱਖ ਬਾਰੇ ਫ਼ੈਸਲਾ ਲੈਣ ਵਿਚ ਦੇਰੀ ਅਫਸਰਾਂ 'ਤੇ ਭਾਰੀ ਪੈ ਰਹੀ ਹੈ। ਇਕ ਖੁਲ੍ਹੇ ਪੱਤਰ ਵਿਚ ਸਰੀ ਪੁਲਿਸ ਸਰਵਿਸ ਨੇ ਕਿਹਾ ਕਿ ਇਹ ਬਹਿਸ ਚੱਲਣ ਕਿ ਸ਼ਹਿਰ ਨੂੰ ਮਿਉਂਸਪਲ ਫੋਰਸ ਦੀ ਵਰਤੋਂ ਲਈ ਟਰਾਂਜ਼ੀਸ਼ਨ ਜਾਰੀ ਰੱਖਣੀ ਚਾਹੀਦੀ ਹੈ ਜਾਂ ਆਰਸੀਐਮਪੀ 'ਤੇ ਮੁੜ ਵਾਪਸ ਆਉਣਾ ਚਾਹੀਦਾ ਹੈ ਜਾਂ ਨਹੀਂ ਕਾਰਨ ਮੁਲਾਜ਼ਮਾਂ ਵਿਚ ਆਪਣੇ ਭਵਿੱਖ ਬਾਰੇ ਚਿੰਤਾ ਵਧ ਰਹੀ ਹੈ। ਪੱਤਰ ਵਿਚ ਕਿਹਾ ਕਿ ਅਸੀਂ ਪਹਿਲਾਂ ਤੋਂ ਕਹਿ ਰਹੇ ਹਾਂ ਕਿ ਪੁਲਿਸ ਅਫਸਰਾਂ ਅਤੇ ਸਹਾਇਕ ਸਟਾਫ ਦੀ ਸਰੀਰਕ ਤੇ ਮਾਨਸਿਕ ਤੰਦਰੁਸਤੀ ਕਮਿਊਨਿਟੀ ਦੀ ਪ੍ਰਭਾਵਸ਼ਾਲੀ ਤਰੀਕੇ ਨਾਲ ਦੇਖਭਾਲ ਲਈ ਉਨ੍ਹਾਂ ਦੀ ਸਮਰੱਥਾ ਲਈ ਇਕ ਮਹੱਤਵਪੂਰਣ ਤੱਤ ਹੁੰਦੀ ਹੈ। ਇਸ ਨੇ ਲਗਪਗ ਤਿੰਨ ਸਾਲ ਦੀ ਅਨਿਸ਼ਚਤਤਾ ਪਿੱਛੋਂ ਸਰੀ ਵਿਚ ਪੁਲਿਸ ਪ੍ਰਬੰਧ ਬਾਰੇ ਸਪਸ਼ਟ ਅਤੇ ਸੁਰੱਖਿਅਤ ਰਸਤੇ ਦਾ ਸੱਦਾ ਦਿੱਤਾ ਹੈ।




ਅਪ੍ਰੈਲ ਮਹੀਨੇ ਜਨਤਕ ਸੁਰੱਖਿਆ ਮੰਤਰੀ ਮਾਈਕ ਫਾਰਨਵਰਥ ਨੇ ਸੂਬੇ ਵਿਚ ਆਰਸੀਐਮਪੀ ਦੀਆਂ ਬਹੁਤ ਸਾਰੀ ਅਸਾਮੀਆਂ ਖਾਲੀ ਹੋਣ 'ਤੇ ਚਿੰਤਾ ਜ਼ਾਹਿਰ ਕਰਦਿਆਂ ਆਰਸੀਐਮਪੀ 'ਤੇ ਵਾਪਸ ਆਉਣ ਦੀ ਥਾਂ ਮਿਉਂਸਪਲ ਪੁਲਿਸ ਟਰਾਂਜ਼ੀਸ਼ਨ ਜਾਰੀ ਰੱਖਣ ਦੀ ਸਿਫਾਰਸ਼ ਕੀਤੀ ਸੀ। ਪਿਛਲੇ ਸਾਲ ਜਦੋਂ ਮੇਅਰ ਬਰੈਂਡਾ ਲੋਕ ਆਰਸੀਐਮਪੀ ਨੂੰ ਵਾਪਸ ਲਿਆਉਣ ਦੇ ਵਾਅਦੇ ਨਾਲ ਚੁਣੀ ਗਈ ਸੀ ਤਾਂ ਉਸ ਸਮੇਂ ਮਿਉਂਸਪਲ ਪੁਲਿਸ ਫੋਰਸ ਨੂੰ ਪੁਲਿਸ ਪ੍ਰਬੰਧ ਤਬਦੀਲ ਕਰਨ ਦੀ ਪ੍ਰਕਿਰਿਆ ਪਹਿਲਾਂ ਹੀ ਚੱਲ ਰਹੀ ਸੀ। ਮਿਸ ਲੋਕ ਕਹਿੰਦੀ ਹੈ ਕਿ ਉਸ ਨੇ ਐਸਾ ਕੁਝ ਨਹੀਂ ਦੇਖਿਆ ਜਿਸ ਨਾਲ ਉਸ ਦਾ ਮਨ ਬਦਲ ਜਾਵੇ। ਇਸ ਸਬੰਧੀ ਮੇਅਰ ਦੇ ਦਫਤਰ ਦੇ ਬੁਲਾਰੇ ਨੇ ਕਿਹਾ ਕਿ ਲੋਕ ਟਿਪਣੀ ਕਰਨ ਲਈ ਉਪਲਬਧ ਨਹੀਂ ਕਿਉਂਕਿ ਉਹ ਫੈਡਰੇਸ਼ਨ ਆਫ ਕੈਨੇਡੀਅਨ ਮਿਉਂਸਪਲਟੀਜ਼ ਦੀ ਮੀਟਿੰਗ ਲਈ ਟੋਰਾਂਟੋ ਜਾ ਰਹੀ ਹੈ ਪਰ ਉਸ ਨੇ ਕਿਹਾ ਕਿ ਟਰਾਂਜ਼ੀਸ਼ਨ ਬਾਰੇ ਮਿਸ ਲੋਕ ਵਲੋਂ ਪਹਿਲਾਂ ਦਿੱਤੇ ਬਿਆਨ ਵਿਚ ਕੋਈ ਤਬਦੀਲੀ ਨਹੀਂ ਆਈ।

# ਡੈਫਰਡ ਪ੍ਰੌਸੀਕਿਊਸ਼ਨ ਐਗਰੀਮੈਂਟ ਦੀ ਘਾਟ ਦਾ ਖੁਲਾਸਾ ਨਾ ਕਰਨ ਬਦਲੇ ਐਸਐਨਸੀ ਖਿਲਾਫ ਮੁਕੱਦਮਾ ਨਹੀਂ-ਓਨਟਾਰੀਓ ਕੋਰਟ ਆਫ ਅਪੀਲ

ਟੋਰਾਂਟੋ-ਓਨਟਾਰੀਓ ਦੀ ਸਿਖਰਲੀ ਅਦਾਲਤ ਨੇ ਫ਼ੈਸਲਾ ਦਿੱਤਾ ਕਿ ਐਸਐਨਸੀ-ਲੈਵਲਿਨ ਵਿਰੁੱਧ ਰਿਸ਼ਵਤਖੋਰੀ ਦੇ ਮੁਕੱਦਮੇ ਦੀ ਹੋਣੀ ਬਾਰੇ ਇਕ ਅਹਿਮ ਫੋਨ ਕਾਲ ਬਾਰੇ ਕੋਈ ਖੁਲਾਸਾ ਨਾ ਕਰਨ ਬਦਲੇ ਮੁਕੱਦਮਾ ਨਹੀਂ ਕੀਤਾ ਜਾ ਸਕਦਾ। ਮਾਂਟਰੀਅਲ ਇੰਜਨੀਅਰਿੰਗ ਦਿਗਜ ਕੰਪਨੀ ਖਿਲਾਫ 2019 ਵਿਚ ਰਿਸ਼ਵਤ ਦੇ ਮਾਮਲੇ ਕਾਰਨ ਰਾਜਨੀਤਕ ਨਤੀਜੇ ਸਾਹਮਣੇ ਆਏ ਅਤੇ ਸੰਸਦੀ ਸੁਣਵਾਈਆਂ ਹੋਈਆਂ ਸਨ। ਫੈਡਰਲ ਸਰਕਾਰ ਨੇ ਜੋਡੀ ਵਿਲਸਨ ਰੇਬੋਲਡ ਨੂੰ ਉਸ ਦੇ ਅਟਾਰਨੀ ਜਨਰਲ ਦੇ ਅਹੁਦੇ ਤੋਂ ਹਟਾ ਦਿੱਤਾ ਸੀ ਕਿਉਂਕਿ ਉਸ ਨੇ ਡੈਫਰਡ ਪ੍ਰੌਸੀਕਿਊਸ਼ਨ ਐਗਰੀਮੈਂਟ 'ਤੇ ਸਮਝੌਤਾ ਗੱਲਬਾਤ ਕਰਨ ਲਈ ਅਧਿਕਾਰੀਆਂ ਨੂੰ ਹਦਾਇਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਨਾਲ ਕੰਪਨੀ ਨੇ ਅਪਰਾਧਿਕ ਜ਼ਿੰਮੇਵਾਰੀ ਤੋਂ ਮੁਕਤ ਹੋਣਾ ਸੀ। ਓਨਟਾਰੀਓ ਸਕਿਉਰਟੀਜ਼ ਲਾਅ ਤਹਿਤ ਜਨਤਕ ਤੌਰ 'ਤੇ ਕਾਰੋਬਾਰ ਕਰ ਰਹੀਆਂ ਕੰਪਨੀਆਂ ਪਦਾਰਥਕ ਤਬਦੀਲੀ ਬਾਰੇ ਤੁਰੰਤ ਸ਼ੇਅਰ ਧਾਰਕਾਂ ਨੂੰ ਦੱਸਣ ਲਈ ਪਾਬੰਦ ਹੁੰਦੀਆਂ ਹਨ ਜਿਸ ਨਾਲ ਉਨ੍ਹਾਂ ਦੇ ਕਾਰੋਬਾਰ, ਆਪਰੇਸ਼ਨਾਂ ਜਾਂ ਪੂੰਜੀ 'ਤੇ ਅਸਰ ਪੈਂਦਾ ਹੋਵੇ। ਜੇਕਰ ਉਹ ਅਜਿਹਾ ਨਹੀਂ ਕਰਦੀਆਂ ਤਾਂ ਸ਼ੇਅਰਧਾਰਕਾਂ ਕੋਲ ਕੇਸ ਕਰਨ ਦਾ ਹੱਕ ਹੁੰਦਾ ਹੈ। ਐਸਐਨਸੀ 2011 ਵਿਚ ਲਿਬੀਆ ਵਿਚ ਆਪਣੇ ਕਥਿਤ ਵਿਵਹਾਰ ਨੂੰ ਲੈ ਕੇ ਭ੍ਰਿਸ਼ਟਾਚਾਰ ਤੇ ਧੋਖਾਧੜੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀ ਹੈ। ਇਹ ਡੈਫਰਲ ਪ੍ਰੌਸੀਕਿਊਸ਼ਨ ਦੀ ਮੰਗ ਕਰ ਰਹੀ ਸੀ। ਜੇਕਰ ਇਸ ਨੂੰ ਸਜ਼ਾ ਦਿੱਤੀ ਜਾਂਦੀ ਤਾਂ ਕੰਪਨੀ ਮੁਨਾਫੇ ਵਾਲੇ ਕੌਮੀ ਤੇ ਕੌਮਾਂਤਰੀ ਠੇਕਿਆਂ ਦਾ ਮੁਕਾਬਲਾ ਕਰਨ ਲਈ ਅਯੋਗ ਹੋ ਜਾਣੀ ਸੀ। ਓਨਟਾਰੀਓ ਕੋਰਟ ਆਫ ਅਪੀਲ ਨੇ ਫੋਨ ਕਾਲ ਦੀ ਮਹੱਤਤਾ ਨੂੰ ਸਵੀਕਾਰ ਕੀਤਾ ਜਿਹੜੀ ਪਬਲਿਕ ਪ੍ਰੌਸੀਕਿਊਸ਼ਨ ਸਰਵਿਸ ਆਫ ਕੈਨੇਡਾ ਵਲੋਂ 4 ਸਤੰਬਰ 2018 ਨੂੰ ਐਸਐਨਸੀ-ਲਾਵਾਲਿਨ ਨੂੰ ਕੀਤੀ ਗਈ ਸੀ। ਫੋਨ ਕਾਲ ਵਿਚ ਪ੍ਰੌਸੀਕਿਊਟਰਜ਼ ਨੇ ਕੰਪਨੀ ਨੂੰ ਦੱਸਿਆ ਕਿ ਕੰਪਨੀ ਨੂੰ ਡੈਫਰਡ ਪ੍ਰੌਸੀਕਿਊਸ਼ਨ ਐਗਰੀਮੈਂਟ ਲਈ ਸਮਝੌਤਾ ਗੱਲਬਾਤ ਵਾਸਤੇ ਸੱਦਿਆ ਨਹੀਂ ਜਾਵੇਗਾ। ਜਸਟਿਸ ਲੀਜ਼ ਫਾਵਰੇਉ ਨੇ 3-0 ਦੇ ਫ਼ੈਸਲੇ ਵਿਚ ਲਿਖਿਆ ਕਿ ਇਸ ਫੋਨ ਕਾਲ ਨਾਲ ਸਥਿਤੀ ਵਿਚ ਕੋਈ ਤਬਦੀਲੀ ਨਹੀਂ ਹੋਈ ਅਤੇ ਇਸ ਤਰ੍ਹਾਂ ਕੋਈ ਭੌਤਿਕ ਤਬਦੀਲੀ ਵੀ ਨਹੀਂ ਹੋਈ।

# ਸਰੀ ਨੂੰ ਲੰਬੀ ਮਿਆਦ ਵਾਲੀਆਂ ਦੇਖਭਾਲ ਸੇਵਾਵਾਂ ਦੀ ਲੋੜ-ਸਿਹਤ ਮੰਤਰੀ

ਸਰੀ-ਸਿਹਤ ਮੰਤਰੀ ਐਡਰੀਅਨ ਡਿਕਸ ਦਾ ਕਹਿਣਾ ਕਿ ਵਡੇਰੀ ਉਮਰ ਦੀ ਆਬਾਦੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਰੀ ਨੂੰ ਨਾਟਕੀ ਢੰਗ ਨਾਲ ਹੋਰ ਤੇ ਬਿਹਤਰ ਲਾਂਗ ਟਰਮ ਦੇਖਭਾਲ ਸੇਵਾਵਾਂ ਤੇ ਹੋਮ ਸਹਾਇਤਾ ਦੀ ਲੋੜ ਪਵੇਗੀ ਕਿਉਂਕਿ ਕਾਫੀ ਜ਼ਿਆਦਾ ਗਿਣਤੀ ਵਿਚ ਲੋਕਾਂ ਦੀ ਉਮਰ 80 ਸਾਲ ਤੋਂ ਜ਼ਿਆਦਾ ਹੈ ਅਤੇ ਅਗਲੇ ਦੋ ਦਹਾਕਿਆਂ ਵਿਚ ਇਹ ਗਿਣਤੀ 230 ਫ਼ੀਸਦੀ ਤਕ ਵਧਣ ਦੀ ਆਸ ਹੈ। ਸਰੀ ਪਿਛਲੇ 20 ਸਾਲਾਂ ਵਿਚ ਬੀਸੀ ਵਿਚ ਬੀਸੀ ਦਾ ਸਭ ਤੋਂ ਛੋਟਾ ਤੇ ਸਭ ਤੋਂ ਵੱਧ ਗਤੀਸ਼ੀਲ ਸ਼ਹਿਰ ਰਿਹਾ ਹੈ ਅਤੇ ਸਰਕਾਰ ਦੇ ਸਿਹਤ ਦੇਖਭਾਲ ਨਾਲ ਸਬੰਧਤ ਇਸ ਤਰ੍ਹਾਂ ਦੇ ਫ਼ੈਸਲੇ ਸਥਿਤੀ ਮੁਤਾਬਿਕ ਲਏ ਜਾਂਦੇ ਹਨ ਪਰ ਇਸ ਨੂੰ ਬਦਲਣਨਾ ਪਵੇਗਾ ਕਿਉਂਕਿ ਸ਼ਹਿਰ ਬੁੱਢੀ ਹੋ ਰਹੀ ਆਬਾਦੀ ਕਾਰਨ ਨਾਟਕੀ ਅਤੇ ਯੋਜਨਬੱਧ ਤਬਦੀਲੀ ਦੇਖਣ ਦੀ ਆਸ ਕਰਦਾ ਹੈ। ਸਰੀ ਬੋਰਡ ਆਫ ਟਰੇਡ ਵਲੋਂ ਇਸ ਹਫ਼ਤੇ ਦੇ ਸ਼ੁਰੂ ਵਿਚ ਦੁਪਹਿਰ ਦੇ ਖਾਣੇ ਦੀ ਦਿੱਤੀ ਦਾਅਵਤ ਦੌਰਾਨ ਡਿਕਸ ਨੇ ਕਿਹਾ ਕਿ ਪਿਛਲੇ ਦਹਾਕੇ ਵਿਚ ਸ਼ਹਿਰ ਦੀ ਆਬਾਦੀ ਇਕ ਲੱਖ ਵਧੀ ਅਤੇ 2038 ਤਕ ਸਰੀ ਦੀ ਜਨਸੰਖਿਆ 2 ਲੱਖ ਤਕ ਵਧਣ ਦੀ ਆਸ ਹੈ। ਅੱਜ ਸਰੀ ਵਿਚ 12000 ਵਿਅਕਤੀ 80 ਸਾਲ ਤੋਂ ਜ਼ਿਆਦਾ ਉਮਰ ਦੇ ਹਨ। 2038 ਵਿਚ ਇਸ ਉਮਰ ਦੇ ਲੋਕਾਂ ਦੀ ਗਿਣਤੀ 44000 ਹੋ ਜਾਵੇਗੀ ਜਿਹੜੀ ਕਿ 230 ਫ਼ੀਸਦੀ ਜ਼ਿਆਦਾ ਹੋਵੇਗੀ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

# ਖਿਡਾਰੀ ਕਾਂਡ ਬਾਰੇ 31 ਤੱਕ ਜਾਣਕਾਰੀ ਦੇਣ ਚੰਨੀ-ਭਗਵੰਤ ਮਾਨ ਨੇ ਦਿੱਤੀ ਚੇਤਾਵਨੀ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸੂਬੇ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਅਲਟੀਮੇਟਮ ਦਿੱਤਾ ਹੈ ਕਿ ਉਹ 31 ਮਈ ਨੂੰ ਬਾਅਦ ਦੁਪਹਿਰ 2 ਵਜੇ ਤੱਕ ਆਪਣੇ ਭਤੀਜੇ/ਭਾਣਜੇ ਵੱਲੋਂ ਖਿਡਾਰੀ ਤੋਂ ਨੌਕਰੀ ਬਦਲੇ ਰਿਸ਼ਵਤ ਮੰਗਣ ਬਾਰੇ ਸਾਰੀ ਜਾਣਕਾਰੀ ਜਨਤਕ ਕਰਨ ਨਹੀਂ ਤਾਂ ਉਹ ਇਸ ਮਾਮਲੇ ਸਬੰਧੀ ਫੋਟੋਆਂ, ਨਾਮ ਤੇ ਮਿਲਣ ਵਾਲੀ ਥਾਂ ਸਣੇ ਸਾਰੀ ਜਾਣਕਾਰੀ ਜਨਤਕ ਕਰਨਗੇ। ਇਸ ਗੱਲ ਮੁੱਖ ਮੰਤਰੀ ਨੇ ਅੱਜ ਟਵੀਟ ਕਰਕੇ ਕਹੀ ਹੈ। ਮੁੱਖ ਮੰਤਰੀ ਨੇ ਟਵੀਟ ਕਰਦਿਆਂ ਕਿਹਾ, "ਮਾਣਯੋਗ ਚਰਨਜੀਤ ਚੰਨੀ ਜੀ ਤੁਹਾਨੂੰ 31 ਮਈ 2 ਵਜੇ ਤੱਕ ਆਪਣੇ ਭਤੀਜੇ-ਭਾਣਜੇ ਵੱਲੋਂ ਖਿਡਾਰੀਆਂ ਤੋਂ ਨੌਕਰੀ ਬਦਲੇ ਰਿਸ਼ਵਤ ਮੰਗਣ ਬਾਰੇ ਸਾਰੀ ਜਾਣਕਾਰੀ





ਜਨਤਕ ਕਰਨ ਦਾ ਮੌਕਾ ਦਿੰਦਾ ਹਾਂ। ਨਹੀਂ ਫਿਰ 31 ਮਈ ਦੁਪਹਿਰ 2 ਵਜੇ ਮੈਂ ਫੋਟੋਆਂ, ਨਾਮ ਤੇ ਮਿਲਣ ਵਾਲੀ ਥਾਂ ਸਮੇਤ ਸਭ ਕੁਝ ਪੰਜਾਬੀਆਂ ਸਾਹਮਣੇ ਰੱਖਾਂਗਾ।" ਜ਼ਿਕਰਯੋਗ ਹੈ ਕਿ ਭਗਵੰਤ ਮਾਨ ਨੇ ਲੰਘੇ ਸੋਮਵਾਰ ਨੂੰ ਜ਼ਿਲ੍ਹਾ ਸੰਗਰੂਰ 'ਚ ਇਕ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਚੰਨੀ ਦੇ ਰਿਸ਼ਤੇਦਾਰਾਂ ਵੱਲੋਂ ਇੱਕ ਖਿਡਾਰੀ ਨੂੰ ਨੌਕਰੀ ਦਿਵਾਉਣ ਬਦਲੇ ਕਥਿਤ ਰਿਸ਼ਵਤ ਦਾ ਮੁੱਦਾ ਚੁੱਕਿਆ ਸੀ। ਉਨ੍ਹਾਂ ਦਾਅਵਾ ਕੀਤਾ ਸੀ ਕਿ ਇਕ ਖਿਡਾਰੀ ਨੇ ਤਤਕਾਲੀ ਮੁੱਖ ਮੰਤਰੀ ਨਾਲ ਖੇਡ ਕੋਟੇ ਤਹਿਤ ਨੌਕਰੀ ਲੈਣ ਲਈ ਸੰਪਰਕ ਕੀਤਾ ਸੀ। ਚੰਨੀ ਨੇ ਉਸ ਨੂੰ ਆਪਣੇ ਭਤੀਜੇ ਨੂੰ ਮਿਲਣ ਲਈ ਕਹਿ ਦਿੱਤਾ ਸੀ, ਜਿਸ ਨੇ ਖਿਡਾਰੀ ਤੋਂ ਨੌਕਰੀ ਲਈ ਦੋ ਕਰੋੜ ਰੁਪਏ ਦੀ ਮੰਗ ਕੀਤੀ ਸੀ।

### ਜੇਕਰ ਸਬੂਤ ਹਨ ਤਾਂ ਕਾਰਵਾਈ ਕਰੋ-ਚੰਨੀ ਨੇ ਦਿੱਤਾ ਮੋੜਵਾਂ ਜਵਾਬ

ਮੋਰਿੰਡਾ-ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤੇ ਅਲਟੀਮੇਟਮ ਮਗਰੋਂ ਕਿਹਾ ਕਿ ਜੇਕਰ ਉਨ੍ਹਾਂ ਕੋਲ ਸਬੂਤ ਹਨ ਤਾਂ ਉਹ ਕਾਰਵਾਈ ਕਰਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਸਲ ਮੁੱਦਿਆਂ ਤੋਂ ਸੂਬੇ ਦੇ ਲੋਕਾਂ ਦਾ ਧਿਆਨ ਭਟਕਾਉਣ ਲਈ ਉਨ੍ਹਾਂ ਵਿਰੁੱਧ ਝੂਠੇ ਅਤੇ ਬੇਬੁਨਿਆਦ ਦੋਸ਼ ਲਗਾ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਆਪਣੀ ਮੋਰਿੰਡਾ ਸਥਿਤ ਰਿਹਾਇਸ਼ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਕੈਬਨਿਟ ਮੰਤਰੀ ਰਹਿੰਦਿਆਂ ਤੇ ਮੁੱਖ ਮੰਤਰੀ ਬਣਨ ਮਗਰੋਂ ਖਿਡਾਰੀਆਂ ਸਮੇਤ ਕਈ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਪਰ ਕਿਸੇ ਤੋਂ ਕੋਈ ਪੈਸਾ ਨਹੀਂ ਲਿਆ। ਸ੍ਰੀ ਚੰਨੀ ਨੇ ਕਿਹਾ, 'ਮੁੱਖ ਮੰਤਰੀ ਸਾਹਿਬ ਤੁਸੀਂ 31 ਮਈ ਦੀ ਉਡੀਕ ਨਾ ਕਰੋ ਜੇਕਰ ਤੁਹਾਡੇ ਕੋਲ ਸਬੂਤ ਹਨ ਤਾਂ ਬਣਦੀ ਕਾਰਵਾਈ ਕਰੋ।' ਉਨ੍ਹਾਂ ਕਿਹਾ ਕਿ ਉਨ੍ਹਾਂ ਸ੍ਰੀ ਚਮਕੌਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪੰਜਾਬ ਦੇ ਲੋਕਾਂ ਕੋਲ ਅਪਣਾ ਪੱਖ ਰੱਖ ਦਿੱਤਾ ਸੀ ਜਿਸ 'ਤੇ ਉਹ ਅੱਜ ਵੀ ਕਾਇਮ ਹਨ।

## ਬਲੌਕ ਕਿਊਬਕਸ ਤੇ ਟੌਰੀਜ਼ ਵਲੋਂ ਜੌਹਨਸਟਨ ਦੀ ਦਲੀਲ ਰੱਦ

ਓਟਵਾ-ਬਲੌਕ ਕਿਊਬੇਕੋਇਸ ਗੁਪਤ ਜਾਣਕਾਰੀ 'ਤੇ ਵਿਚਾਰ ਕਰਨ ਦੀ ਸੰਭਾਵਨਾ ਰੱਦ ਕਰਦੇ ਹੋਏ ਕੰਸਰਵੇਟਿਵਾਂ ਨਾਲ ਖੜ ਗਿਆ ਹੈ ਜਿਸ ਕਾਰਨ ਵਾਚਡੌਗ ਵਿਦੇਸ਼ੀ ਦਖਲਅੰਦਾਜ਼ੀ ਦੇ ਦੋਸ਼ਾਂ ਦੀ ਜਨਤਕ ਜਾਂਚ ਵਿਰੁੱਧ ਸਿਫਾਰਸ਼ ਕਰੇਗਾ। ਦੋਵੇਂ ਪਾਰਟੀਆਂ ਦੇ ਨੇਤਾਵਾਂ ਨੇ ਕਿਹਾ ਕਿ ਉਹ ਇਸ ਤਰ੍ਹਾਂ ਦੀ ਸਥਿਤੀ ਵਿਚ ਨਹੀਂ ਫਸਣਾ ਚਾਹੁੰਦੇ ਜਿਥੇ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਗਿਆਨ ਨੂੰ ਦਬਾਉਣ ਲਈ ਮਜ਼ਬੂਰ ਹੋਣਾ ਪਵੇ ਪਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਸਹਿਯੋਗੀਆਂ ਨੂੰ ਪੱਖਪਾਤ ਨੂੰ ਲੈ ਕੇ ਤੱਥਾਂ ਬਾਰੇ ਅੱਖਾਂ ਖੋਲ੍ਹਣ ਦੀ ਅਪੀਲ ਕੀਤੀ ਅਤੇ ਉਨ੍ਹਾਂ ਮੁੱਖ ਰੂਪ ਵਿਚ ਕੰਸਰਵੇਟਿਵ ਨੇਤਾ ਪਿਅਰੇ ਪੋਲੀਵਰੇ ਨੂੰ ਨਿਸ਼ਾਨੇ 'ਤੇ ਲਿਆ। ਵਿਨੀਪੈਗ ਵਿਚ ਇਕ ਸਮਾਗਮ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਕਿਹਾ ਕਿ ਪੋਲੀਵਰੇ ਅਗਿਆਨਤਾ ਦੇ ਪਰਦੇ ਪਿੱਛੇ ਬੈਠਣ ਦੀ ਚੋਣ ਕਰ ਰਹੇ ਹਨ। ਮਾਰਚ ਮਹੀਨੇ ਟਰੂਡੋ ਨੇ ਡੇਵਿਡ ਜੌਹਨਸਟਨ ਨੂੰ ਵਿਦੇਸ਼ੀ ਦਖਲਅੰਦਾਜ਼ੀ ਦੇ ਦੋਸ਼ਾਂ ਦੀ ਜਾਂਚ ਲਈ ਵਿਸ਼ੇਸ਼ ਰਿਪੋਰਟਰ ਵਜੋਂ ਨਿਯੁਕਤ ਕੀਤਾ ਸੀ ਜਿਸ ਨੇ ਮੰਗਲਵਾਰ ਆਪਣੀ ਪਹਿਲੀ ਰਿਪੋਰਟ ਪੇਸ਼ ਕੀਤੀ ਹੈ ਜਿਸ ਵਿਚ ਉਸ ਨੇ ਟਰੂਡੋ ਨੂੰ 2019 ਅਤੇ 2021 ਦੀਆਂ ਫੈਡਰਲ ਚੋਣਾਂ ਦੌਰਾਨ ਵਿਦੇਸ਼ੀ ਦਖਲਅੰਦਾਜ਼ੀ ਦੇ ਦੋਸ਼ਾਂ ਦੀ ਜਨਤਕ ਜਾਂਚ ਨਾ ਕਰਵਾਉਣ ਦੀ ਸਿਫਾਰਸ਼ ਕੀਤੀ ਹੈ। ਗਲੋਬਲ ਨਿਊਜ਼ ਅਤੇ ਗਲੋਬ ਐਂਡ ਮੇਲ ਨਿਊਜ਼ਪੇਪਰ ਵਲੋਂ ਖ਼ਬਰਾਂ ਛਾਪਣ ਪਿੱਛੋਂ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਸਰਕਾਰ ਕਈ ਮਹੀਨੇ ਦਬਾਅ ਹੇਠ ਰਹੀ ਅਤੇ ਇਨ੍ਹਾਂ ਅਖ਼ਬਾਰਾਂ ਨੇ ਲੀਕ ਹੋਏ ਕੌਮੀ ਸੁਰੱਖਿਆ ਦਸਤਾਵਜ਼ਾਂ ਅਤੇ ਗੁੰਮਨਾਮ ਸੂਤਰਾਂ ਦਾ ਹਵਾਲਾ ਦਿੱਤਾ ਸੀ। ਜੌਹਨਸਟਨ ਨੇ ਸਰਕਾਰ ਨੂੰ ਲੋੜੀਂਦੀ ਸੁਰੱਖਿਆ ਪ੍ਰਵਾਨਗੀ ਮੁਹੱਈਆ ਕਰਨ ਦੀ ਵੀ ਸਿਫਾਰਸ਼ ਕੀਤੀ ਤਾਂ ਜੋ ਦੂਸਰੀਆਂ ਪਾਰਟੀਆਂ ਦੇ ਨੇਤਾ ਪੂਰੀ ਰਿਪੋਰਟ ਦੇਖ ਸਕਣ।

# ਦਿੱਲੀ ਦੇ ਸਾਬਕਾ ਸਿਹਤ ਮੰਤਰੀ ਸਤੇਂਦਰ ਜੈਨ ਦੀ ਹਾਲਤ ਗੰਭੀਰ-ਹਸਪਤਾਲ ਦਾਖਲ ਕਰਵਾਇਆ

ਦਿੱਲੀ (ਦਿਓਲ)-ਦਿੱਲੀ ਦੇ ਸਾਬਕਾ ਸਿਹਤ ਮੰਤਰੀ ਸਤੇਂਦਰ ਜੈਨ ਅੱਜ ਸਵੇਰੇ ਤਿਹਾੜ ਜੇਲ੍ਹ ਦੇ ਪਖਾਨੇ ਵਿੱਚ ਡਿੱਗ ਪਏ। 'ਆਪ' ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਪਹਿਲਾਂ ਸ੍ਰੀ ਜੈਨ ਨੂੰ ਦੀਨ ਦਿਆਲ ਉਪਾਧਿਆਏ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ, ਪਰ ਉਥੇ ਸਾਹ ਲੈਣ ਵਿੱਚ ਦਿੱਕਤ ਆਉਣ ਕਾਰਨ ਉਨ੍ਹਾਂ ਨੂੰ ਤੁਰੰਤ ਲੋਕ ਨਾਇਕ ਜੈਪ੍ਰਕਾਸ਼ ਹਸਪਤਾਲ ਲਿਆਂਦਾ ਗਿਆ, ਜਿਥੇ ਇਸ ਵੇਲੇ ਉਹ ਆਈਸੀਯੂ ਵਿੱਚ ਦਾਖਲ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਸਤੇਂਦਰ ਜੈਨ ਅੱਜ ਸਵੇਰੇ ਚੱਕਰ ਆਉਣ ਕਾਰਨ ਡਿੱਗ ਪਏ ਸਨ, ਜਿਸ ਕਾਰਨ ਉਨ੍ਹਾਂ ਦੇ ਸਿਰ ਵਿੱਚ ਸੱਟ ਲੱਗੀ ਹੈ। ਜ਼ਿਕਰਯੋਗ ਹੈ ਕਿ ਜੈਨ ਨੂੰ ਪਹਿਲਾਂ ਵੀ ਰੀੜ ਦੀ ਹੱਡੀ ਸਬੰਧੀ ਤਕਲੀਫ਼ ਹੋਣ ਕਾਰਨ ਇਸ ਹਸਪਤਾਲ ਵਿੱਚ ਲਿਆਂਦਾ ਗਿਆ ਸੀ। ਇਸ ਬਾਰੇ ਪਤਾ ਲੱਗਣ 'ਤੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਟਵੀਟ ਕਰਕੇ ਸਤੇਂਦਰ ਜੈਨ ਦੀ ਸਿਹਤਯਾਬੀ ਲਈ ਅਰਦਾਸ ਕੀਤੀ ਹੈ। ਜੈਨ ਦੀ ਵਿਗੜਦੀ ਸਿਹਤ ਬਾਰੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕੇਜਰੀਵਾਲ ਨੇ



ਕਿਹਾ, 'ਜਿਸ ਵਿਅਕਤੀ ਨੇ ਲੋਕਾਂ ਨੂੰ ਚੰਗਾ ਇਲਾਜ ਤੇ ਚੰਗੀ ਸਿਹਤ ਮਹੱਈਆ ਕਰਵਾਉਣ ਲਈ ਦਿਨ-ਰਾਤ ਕੰਮ ਕੀਤਾ, ਅੱਜ ਇੱਕ ਤਾਨਾਸ਼ਾਹ ਉਸ ਨੂੰ ਸਜ਼ਾ ਦੇਣ 'ਤੇ ਤੁਲਿਆ ਹੋਇਆ ਹੈ। ਰੱਬ ਸਭ ਕੁਝ ਦੇਖ ਰਿਹਾ ਹੈ ਤੇ ਉਹ ਸਾਰਿਆਂ ਨਾਲ ਇਨਸਾਫ਼ ਕਰੇਗਾ। ਮੈਂ ਅਰਦਾਸ ਕਰਦਾ ਹਾਂ ਕਿ ਸਤੇਂਦਰ ਜੈਨ ਛੇਤੀ ਤੋਂ ਛੇਤੀ ਸਿਹਤਯਾਬ ਹੋ ਜਾਣ।' ਇਸ ਸਬੰਧੀ ਜੇਲ੍ਹ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਸ੍ਰੀ ਜੈਨ ਦੀ ਸਿਹਤ ਠੀਕ ਨਾ ਹੋਣ ਕਾਰਨ ਉਨ੍ਹਾਂ ਨੂੰ ਕੇਂਦਰੀ ਜੇਲ੍ਹ ਨੰਬਰ-7 ਵਿੱਚ ਬਣੇ ਹਸਪਤਾਲ ਵਿੱਚ ਡਾਕਟਰਾਂ ਦੀ ਨਿਗਰਾਨੀ ਹੇਠ ਰੱਖਿਆ ਹੋਇਆ ਸੀ। ਇਸੇ ਦੌਰਾਨ ਅੱਜ ਸਵੇਰੇ 6 ਵਜੇ ਉਹ ਪਖਾਨੇ ਵੱਲ ਜਾਣ ਲੱਗਿਆਂ ਚੱਕਰ ਖਾ ਕੇ ਡਿੱਗ ਪਏ ਸਨ।

## ਪਾਕਿ 'ਚ ਅਣਐਲਾਨਿਆ ਮਾਰਸ਼ਲ ਲਾਅ ਲਗਾਇਆ-ਇਮਰਾਨ ਖ਼ਾਨ

ਇਸਲਾਮਾਬਾਦ-ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸਰਕਾਰ ਵੱਲੋਂ ਕਈ ਸੂਬਿਆਂ 'ਚ ਧਾਰਾ 245 ਲਾਗੂ ਕੀਤੇ ਜਾਣ ਖ਼ਿਲਾਫ਼ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕਰਕੇ ਇਸ ਨੂੰ ਅਣਐਲਾਨਿਆ ਮਾਰਸ਼ਲ ਲਾਅ ਕਰਾਰ ਦਿੱਤਾ ਹੈ। ਪਾਕਿਸਤਾਨ ਦੇ ਸੰਵਿਧਾਨ ਦੀ ਧਾਰਾ 245 ਤਹਿਤ ਦੇਸ਼ ਦੀ ਰਾਖੀ ਲਈ ਸਿਵਲ ਪ੍ਰਸ਼ਾਸਨ ਦੀ ਮਦਦ ਖਾਤਰ ਫੌਜ ਤਾਇਨਾਤ ਕੀਤੀ ਜਾ ਸਕਦੀ ਹੈ। ਇਮਰਾਨ ਨੇ ਪੰਜਾਬ, ਖੈਬਰ ਪਖਤੂਨਖਵਾ, ਬਲੋਚਿਸਤਾਨ ਤੇ ਇਸਲਾਮਾਬਾਦ 'ਚ ਧਾਰਾ 245 ਲਾਗੂ ਕੀਤੇ ਜਾਣ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਹੈ। ਆਪਣੀ ਪਟੀਸ਼ਨ 'ਚ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਪਾਰਟੀ ਦੇ ਮੁਖੀ ਨੇ ਕਿਹਾ ਕਿ ਆਰਮੀ ਐਕਟ 1952 ਤਹਿਤ ਨਾਗਰਿਕਾਂ ਦੀਆਂ ਗ੍ਰਿਫ਼ਤਾਰੀਆਂ, ਜਾਂਚ ਪੜਤਾਲ ਤੇ ਕੇਸ ਚਲਾਉਣੇ ਗ਼ੈਰ ਸੰਵਿਧਾਨਕ ਹਨ। ਉਨ੍ਹਾਂ ਕਿਹਾ ਕਿ ਪੀਟੀਆਈ ਦੇ ਮੈਂਬਰਾਂ ਨੂੰ ਜਬਰੀ ਪਾਰਟੀ ਛੱਡਣ ਲਈ ਮਜਬੂਰ ਕਰਕੇ ਪਾਰਟੀ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਤੇ ਇਹ ਪੂਰੀ ਤਰ੍ਹਾਂ ਸੰਵਿਧਾਨ ਦੀ ਧਾਰਾ 17 ਦੇ ਖ਼ਿਲਾਫ਼ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਮਰਾਨ ਨੇ ਨਾਲ ਹੀ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਕਿ 9 ਮਈ ਨੂੰ ਹੋਈ ਹਿੰਸਾ ਦੀ ਜਾਂਚ ਲਈ ਨਿਆਂਇਕ ਕਮਿਸ਼ਨ ਦਾ ਗਠਨ ਕੀਤਾ ਜਾਵੇ। ਰਿਪੋਰਟ ਅਨੁਸਾਰ ਇਮਾਰਨ ਨੇ ਆਪਣੀ ਪਟੀਸ਼ਨ 'ਚ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ, ਪੀਐੱਮਐੱਲ-ਐੱਨ ਸੁਪਰੀਮੋ ਨਵਾਜ਼ ਸ਼ਰੀਫ, ਉਨ੍ਹਾਂ ਦੀ ਧੀ ਮਰੀਅਮ ਨਵਾਜ਼, ਸਾਬਕਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ, ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਜ਼ਰਦਾਰੀ, ਜੇਯੂਆਈ-ਐੱਫ ਮੁਖੀ ਮੌਲਾਨਾ ਫਜ਼ਲੁਰ ਰਹਿਮਾਨ ਤੇ ਹੋਰਾਂ ਦੇ ਨਾਂ ਸ਼ਾਮਲ ਕੀਤੇ ਹਨ।

## ਭਗਵੰਤ ਮਾਨ ਸਰਕਾਰ ਨੇ ਝੂਠੇ ਪ੍ਰਚਾਰ ਤੇ ਪੰਜਾਬ ਦੇ ਕਰੋੜਾਂ ਰੁਪਏ ਉਡਾਏ-ਅਕਾਲੀ ਦਲ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਸੂਬਾ ਸਰਕਾਰ 'ਤੇ ਝੂਠੇ ਪ੍ਰਚਾਰ ਰਾਹੀਂ ਕਰੋੜਾਂ ਰੁਪਏ ਬਰਬਾਦ ਕਰਨ ਦੇ ਦੋਸ਼ ਲਾਏ ਹਨ। ਇਕ ਬਿਆਨ ਰਾਹੀਂ ਅਕਾਲੀ ਦਲ ਦੇ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਦੇਸ਼ ਭਰ ਵਿਚ ਪੂਰੇ ਸਫ਼ੇ ਦਾ ਇਸ਼ਤਿਹਾਰ ਦੇ ਕੇ ਪੰਜਾਬ ਦੇ ਭ੍ਰਿਸ਼ਟਾਚਾਰ ਮੁਕਤ ਹੋਣ ਦੇ ਦਾਅਵੇ ਕਰਨ ਤੋਂ ਪਹਿਲਾਂ ਮੁੱਖ ਮੰਤਰੀ ਪੰਜਾਬੀਆਂ ਨੂੰ ਦੱਸਣ ਕਿ ਉਨ੍ਹਾਂ ਨੇ ਆਪਣੇ ਭ੍ਰਿਸ਼ਟ ਕੈਬਨਿਟ ਮੰਤਰੀਆਂ ਖ਼ਿਲਾਫ਼ ਹੁਣ ਤੱਕ ਕਾਰਵਾਈ ਕਿਉਂ ਨਹੀਂ ਕੀਤੀ। ਅਕਾਲੀ ਦਲ ਨੇ ਸੂਬੇ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਵੀ ਅਪੀਲ ਕੀਤੀ ਕਿ 'ਆਪ' ਸਰਕਾਰ ਵੱਲੋਂ ਚੋਣਾਂ ਵਿਚ ਸਿਆਸੀ ਲਾਹਾ ਲੈਣ ਵਾਸਤੇ ਸੂਬੇ ਤੋਂ ਬਾਹਰ ਦਿੱਤੇ ਸਾਰੇ ਇਸ਼ਤਿਹਾਰਾਂ ਦੀ ਜਾਂਚ ਕਰਵਾਈ ਜਾਵੇ ਅਤੇ ਜਾਣ ਉਪਰੰਤ ਅਜਿਹੇ ਸਾਰੇ ਇਸ਼ਤਿਹਾਰਾਂ ਦੇ ਪੈਸੇ ਆਮ ਆਦਮੀ ਪਾਰਟੀ ਕੋਲੋਂ ਵਸੂਲੇ ਜਾਣ।







# ਘਰਾਂ ਤੋਂ ਬਾਹਰ ਰਹਿਣ ਵਾਲੇ ਦਰਸ਼ਕਾਂ ਤੋਂ 8 ਡਾਲਰ ਪ੍ਰਤੀ ਮਹੀਨਾ ਵਾਧੂ ਚਾਰਜ ਲਵੇਗਾ ਨੈੱਟਫਲਿਕਸ

ਵਾਸ਼ਿੰਗਟਨ-ਪਾਸਵਾਰਡ ਨੂੰ ਸਾਂਝਾ ਕਰਨ ਦਾ ਮੁਕਾਬਲਾ ਕਰਨ ਲਈ ਨੈੱਟਫਲਿਕਸ ਨੇ ਕਿਹਾ ਕਿ ਉਹ ਆਪਣੇ ਪ੍ਰੋਗਰਾਮਿੰਗ ਦੇ ਅਮਰੀਕੀ ਦਰਸ਼ਕਾਂ ਨੂੰ ਇਕੋ ਘਰ ਵਿਚ ਰਹਿੰਦੇ ਲੋਕਾਂ ਤਕ ਸੀਮਤ ਕਰ ਦੇਵੇਗਾ। ਜਿਹੜੇ ਲੋਕ ਨੈੱਟਫਲਿਕਸ ਦੇ ਸਟੈਂਡਰਡ ਪ੍ਰੀਮੀਅਮ ਜਾਂ ਪ੍ਰੀਮੀਅਮ ਪਲਾਨਜ਼ ਦੇ ਗਾਹਕ ਹਨ ਜਿਸ ਦਾ ਖਰਚ 15 ਤੋਂ 20 ਡਾਲਰ ਪ੍ਰਤੀ ਮਹੀਨਾ ਹੈ ਉਹ ਆਪਣੇ ਪਰਿਵਾਰ ਤੋਂ ਬਾਹਰ ਰਹਿੰਦੇ ਕਿਸੇ ਵੀ ਹੋਰ ਵਿਅਕਤੀ ਨੂੰ 8 ਡਾਲਰ ਪ੍ਰਤੀ ਮਹੀਨਾ ਵਾਧੂ ਅਦਾ ਕਰਕੇ ਆਪਣਾ ਪਾਸਵਰਡ ਵਰਤਣ ਦੀ ਇਜਾਜ਼ਤ ਦੇ ਸਕਣਗੇ। ਇਹ ਕੀਮਤ ਕੰਪਨੀ ਦੇ ਬੇਸਿਕ ਪਲਾਨ ਤੋਂ 2 ਡਾਲਰ ਘੱਟ ਹੈ। ਗਾਹਕਾਂ ਦੀ ਪਛਾਣ ਜਾਂ ਖਾਤਿਆਂ ਨੂੰ ਕਿਵੇਂ ਪ੍ਰਮਾਣਿਤ ਕਰੇਗਾ ਦੇ ਵੇਰਵੇ ਮੁਹੱਈਆ ਕਰਨ ਤੋਂ ਬਿਨ੍ਹਾਂ ਹੀ ਨੈੱਟਫਲਿਕਸ ਨੇ ਅਮਰੀਕੀ ਗਾਹਕ ਦੇ ਇਕੋ ਘਰ ਵਿਚ ਰਹਿੰਦੇ ਸਾਰੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਹ ਜਿਥੇ ਕਿਤੇ ਵੀ ਘਰ ਵਿਚ ਰਹਿੰਦੇ ਹਨ ਜਾਂ ਛੁੱਟੀਆਂ 'ਤੇ ਹੋਣ ਉਹ ਟੀਵੀ ਸੀਰੀਜ਼ ਅਤੇ ਫਿਲਮਾਂ ਸਟਰੀਮ ਕਰ ਸਕਣਗੇ।

# ਸੜਕਾਂ 'ਤੇ ਰੇਸ ਲਗਾਉਣ ਵਾਲਿਆਂ ਨੂੰ 736 ਡਾਲਰ ਦੇ ਜ਼ੁਰਮਾਨੇ

ਸਰੀ-ਆਰਸੀਐਮਪੀ ਨੇ ਦੋ ਸਪੋਰਟਸ ਕਾਰਾਂ ਨੂੰ ਜ਼ਬਤ ਕੀਤਾ ਹੈ ਅਤੇ ਕਿਹਾ ਕਿ ਉਨ੍ਹਾਂ ਨੇ ਇਹ ਕਾਰਾਂ ਨਿਊਟਨ ਵਿਚ ਸੜਕ 'ਤੇ ਰੇਸ ਲਗਾਉਂਦੀਆਂ ਕਾਬੂ ਕੀਤੀਆਂ ਹਨ। ਦੋਵੇਂ ਕਾਰਾਂ ਮਸਟੈਂਗ ਤੇ ਕੈਮਾਰੋ ਨੂੰ 7 ਦਿਨ ਲਈ ਜ਼ਬਤ ਕੀਤਾ ਗਿਆ ਹੈ ਅਤੇ ਡਰਾਈਵਰਾਂ ਨੂੰ 736-736 ਡਾਲਰ ਦਾ ਜ਼ੁਰਮਾਨਾ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਉਹ 138 ਸਟਰੀਟ ਅਤੇ 72 ਐਵੀਨਿਊ ਇਲਾਕੇ ਵਿਚ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਵਾਲੇ ਜ਼ੋਨ ਵਿਚ ਕਾਰਾਂ ਨੂੰ 101 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਭਜਾ ਰਹੇ ਸਨ। ਪੁਲਿਸ ਨੇ ਇਸ ਬਾਰੇ 24 ਮਈ ਨੂੰ ਟਵੀਟ ਕੀਤਾ ਪਰ ਕਾਰਪੋਰਲ ਵਨੇਸਾ ਮੁਨ ਨੇ ਕਿਹਾ ਕਿ ਇਹ ਕਾਰਾਂ 24 ਅਪ੍ਰੈਲ ਸ਼ਾਮ 7 ਵਜੇ ਤੋਂ ਥੋੜਾ ਪਹਿਲਾਂ ਜ਼ਬਤ ਕੀਤੀਆਂ।

# ਬਖਮੁਤ ਲੜਾਈ ਵਿਚ ਰੂਸ ਦੇ 20 ਹਜ਼ਾਰ ਸੈਨਿਕ ਮਰੇ-ਵੈਗਨਰ ਮੁਖੀ

ਕੀਵ-ਰੂਸੀ ਪ੍ਰਾਈਵੇਟ ਫੌਜ ਵੈਗਨਰ ਦੇ ਮੁਖੀ ਨੇ ਯੂਕਰੇਨ 'ਤੇ ਕ੍ਰੈਮਲਿਨ ਲਾਈਨ ਨੂੰ ਫਿਰ ਤੋਂ ਤੋੜ ਦਿੱਤਾ ਹੈ ਅਤੇ ਕਿਹਾ ਕਿ ਦੇਸ਼ ਨੂੰ ਮਿਲਟਰੀ ਰਹਿਤ ਕਰਨ ਦਾ ਉਸ ਦਾ ਟੀਚਾ ਉਲਟਾ ਪੈ ਗਿਆ ਹੈ। ਰੂਸੀ ਸੈਨਿਕਾਂ ਨੇ ਸਵੀਕਾਰ ਕੀਤਾ ਕਿ ਉਨ੍ਹਾਂ ਨੇ ਆਮ ਨਾਗਰਿਕਾਂ ਨੂੰ ਮਾਰਿਆ ਹੈ ਅਤੇ ਉਹ ਪੱਛਮੀ ਦੇਸ਼ਾਂ ਦੇ ਅਨੁਮਾਨਾਂ ਨਾਲ ਸਹਿਮਤ ਹਨ ਕਿ ਬਖਮੁਤ ਦੀ ਲੜਾਈ ਵਿਚ ਉਸ ਨੇ 20 ਹਜ਼ਾਰ ਤੋਂ ਵੀ ਜ਼ਿਆਦਾ ਸੈਨਿਕ ਗੁਆਏ ਹਨ। ਯੇਵਗੇਨੀ ਪ੍ਰਿਗੋਜ਼ਿਨ ਨੇ ਕਿਹਾ ਕਿ ਜਿਹੜੇ ਯੂਕਰੈਨੀ ਸ਼ਹਿਰ ਵਿਚ ਮਾਰੇ ਗਏ ਹਨ ਉਨ੍ਹਾਂ ਵਿਚੋਂ ਅੱਧੇ 15 ਮਹੀਨਿਆਂ ਤੋਂ ਚਲੀ ਆ ਰਹੀ ਜੰਗ ਲਈ ਭਰਤੀ ਕੀਤੇ ਗਏ ਕੈਦੀ ਸਨ। ਉਸ ਦੇ ਅੰਕੜੇ ਰੂਸ ਦੇ ਵਿਵਾਦਤ ਦਾਅਵਿਆਂ ਦੇ ਬਿਲਕੁਲ ਉਲਟ ਹਨ ਕਿ ਉਸ ਦੇ ਜਨਵਰੀ ਤਕ ਜੰਗ ਵਿਚ ਕੁਲ 6000 ਸੈਨਿਕ ਮਾਰੇ ਗਏ ਹਨ। ਇਸ ਦੀ ਤੁਲਨਾ ਵਿਚ 1979-89 ਵਿਚ ਸੋਵੀਅਤ ਸੰਘ ਨੇ ਅਫਗਾਨਿਸਤਾਨ ਵਿਚ 15000 ਸੈਨਿਕ ਗੁਆਏ ਸਨ। ਯੂਕਰੇਨ ਨੇ ਨਹੀਂ ਦੱਸਿਆ ਕਿ ਫਰਵਰੀ 2022 ਵਿਚ ਸ਼ੁਰੂ ਹੋਏ ਰੂਸੀ ਹਮਲੇ ਵਿਚ ਉਸ ਦੇ ਕਿੰਨੇ ਸੈਨਿਕ ਮਾਰੇ ਗਏ ਹਨ।

# ਮੈਕਸਿਮ ਬਰਨੀਅਰ ਨੂੰ ਮਨੀਟੋਬਾ ਕੋਵਿਡ-19 ਜਨਤਕ ਸਿਹਤ ਹੁਕਮਾਂ ਦੀ ਉਲੰਘਣਾ ਲਈ 2 ਹਜ਼ਾਰ ਡਾਲਰ ਦਾ ਜ਼ੁਰਮਾਨਾ



ਵਿਨੀਪੈਗ-ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਨੇਤਾ ਮੈਕਸਿਮ ਬਰਨੀਅਰ ਨੇ ਮੰਗਲਵਾਰ ਮਨੀਟੋਬਾ ਵਿਚ ਕੋਵਿਡ-19 ਪਾਬੰਦੀਆਂ ਦੀ ਉਲੰਘਣਾ ਨੂੰ ਸਵੀਕਾਰ ਕੀਤਾ ਅਤੇ ਉਨ੍ਹਾਂ ਨੂੰ ਸਰਚਾਰਜ ਸਮੇਤ 2000 ਡਾਲਰ ਦਾ ਜ਼ੁਰਮਾਨਾ ਕੀਤਾ ਗਿਆ ਹੈ। ਕਈ ਮਨੀਟੋਬਾ ਕਮਿਊਨਿਟੀਜ਼ ਦੇ ਯੋਜਨਾਬੱਧ ਦੌਰੇ ਸ਼ੁਰੂ ਕਰਨ ਜਿਥੇ ਉਨ੍ਹਾਂ ਨੇ ਜਨਤਕ ਰੈਲੀਆਂ ਨੂੰ ਸੰਬੋਧਨ ਕਰਨਾ ਸੀ ਪਿੱਛੋਂ ਜੂਨ 2021 ਵਿਚ ਬਰਨੀਅਰ ਨੂੰ ਚਿਤਾਵਨੀ ਦਿੱਤੀ ਗਈ, ਜ਼ੁਰਮਾਨਾ ਕੀਤਾ ਗਿਆ ਅਤੇ ਆਖਰਕਾਰ ਗ੍ਰਿਫਤਾਰ ਕੀਤਾ ਸੀ। ਪ੍ਰੋਵਿੰਸ਼ੀਅਲ ਜਸਟਿਸ ਐਨ ਕਰਾਹਨ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਕਾਨੂੰਨ ਦੇ ਸ਼ਾਸਨ ਦਾ ਸਤਿਕਾਰ ਨਾ ਕਰਨ ਦੀ ਜਾਣਬੁੱਝ ਕੇ ਚੋਣ ਕੀਤੀ ਗਈ ਸੀ। ਜਸਟਿਸ ਕਰਾਹਨ ਨੇ ਕਿਹਾ ਕਿ ਕਾਨੂੰਨਾਂ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਜਾ ਸਕਦੀ ਹੈ ਪਰ ਜੇਕਰ ਲੋਕ ਇਹ ਕਹਿ ਕੇ ਇਸ ਨੂੰ ਨਜ਼ਰਅੰਦਾਜ਼ ਕਰਦੇ ਹਨ ਕਿ ਉਹ ਇਸ ਨਾਲ ਸਹਿਮਤ ਨਹੀਂ ਤਾਂ ਅਫਰਾ-ਤਫਰੀ ਪੈਦਾ ਹੋਵੇਗੀ। ਬਰਨੀਅਰ ਨੇ ਕਰਾਊਨ ਨਾਲ ਸਮਝੌਤੇ ਦੇ ਹਿੱਸੇ ਵਜੋਂ ਜਨਤਕ ਇਕੱਠ ਕਰਕੇ ਜਨਤਕ ਸਿਹਤ ਐਕਟ ਦੀਆਂ ਪਾਬੰਦੀਆਂ ਦੇ ਉਲੰਘਣਾ ਦੇ ਦੋ ਦੋਸ਼ਾਂ ਨੂੰ ਸਵੀਕਾਰ ਕੀਤਾ। ਮਨੀਟੋਬਾ ਵਿਚ ਦਾਖਲ ਹੋਣ 'ਤੇ ਸਵੈ-ਇਕਾਂਤਵਾਸ ਨਾ ਹੋਣ ਦੇ ਦੋ ਹੋਰ ਦੋਸ਼ ਵੀ ਹਨ। ਉਸ ਸਮੇਂ ਮਨੀਟੋਬਾ ਨੇ ਕਈ ਸਰਗਰਮੀਆਂ 'ਤੇ ਸਖਤ ਹੱਦਾਂ ਲਾਗੂ ਕੀਤੀਆਂ ਸਨ ਕਿਉਂਕਿ ਕੋਵਿਡ-19 ਦੇ ਮਾਮਲੇ ਬਹੁਤ ਵਧ ਗਏ ਸਨ, ਹਸਪਤਾਲ ਮਰੀਜ਼ਾਂ ਨਾਲ ਭਰੇ ਹੋਏ ਸਨ ਅਤੇ ਆਈਸੀਯੂ ਵਿਚ ਰੱਖੇ ਦਰਜਨਾਂ ਮਰੀਜ਼ਾਂ ਨੂੰ ਬੈੱਡਾਂ ਦੀ ਕਮੀ ਕਾਰਨ ਦੂਸਰੇ ਸੂਬਿਆਂ ਵਿਚ ਲਿਜਾਇਆ ਗਿਆ ਸੀ।

# ਐਬਟਸਫੋਰਡ ਤੋਂ ਸਰੀ ਨੂੰ ਭੱਜ ਰਹੇ ਡਰਾਈਵਰ ਨੇ ਪੁਲਿਸ ਅਫਸਰ ਕੀਤਾ ਜ਼ਖ਼ਮੀ-ਕਾਰਾਂ ਨੂੰ ਨੁਕਸਾਨ ਪਹੁੰਚਾਇਆ

ਸਰੀ-ਐਬਟਸਫੋਰਡ ਵਿਚ ਪੁਲਿਸ ਤੋਂ ਭੱਜੇ ਇਕ ਡਰਾਈਵਰ ਨੇ ਸਰੀ ਪੁਲਿਸ ਦੀਆਂ ਕਈ ਗੱਡੀਆਂ ਨੂੰ ਟੱਕਰ ਮਾਰੀ ਅਤੇ ਇਕ ਪੁਲਿਸ ਅਫਸਰ ਨੂੰ ਜ਼ਖ਼ਮੀ ਕਰ ਦਿੱਤਾ। ਐਬਟਸਫੋਰਡ ਪੁਲਿਸ ਵਿਭਾਗ ਦੇ ਮੀਡੀਆ ਅਫਸਰ ਪਾਲ ਵਾਕਰ ਨੇ ਜਾਣਕਾਰੀ ਦਿੱਤੀ 23 ਮਈ ਨੂੰ ਸ਼ਾਮ 7.40 ਵਜੇ ਘਟਨਾ ਵਾਪਰਨੀ ਸ਼ੁਰੂ ਹੋਈ ਜਦੋਂ ਇਕ ਪੈਟਰੋਲ ਅਫਸਰ ਨੇ ਇਕ ਡੌਜ ਡਕੋਟਾ ਪਿਕਅੱਪ ਨੂੰ ਐਬਟਸਫੋਰਡ ਵਿਚ ਰੋਕਣ ਦੀ ਕੋਸ਼ਿਸ਼ ਕੀਤੀ। ਡਰਾਈਵਰ ਨੇ ਅਫਸਰ ਦੀ ਕਾਰ ਨੂੰ ਟੱਕਰ ਮਾਰ ਦਿੱਤੀ ਅਤੇ ਟਰੱਕ ਭਜਾ ਲਿਆ। ਅਧਿਕਾਰੀ ਘਟਨਾ ਵਿਚ ਮਾਮੂਲੀ ਜ਼ਖ਼ਮੀ ਹੋ ਗਿਆ। ਚਿੱਟ ਕੱਪੜੀਏ ਪੁਲਿਸ ਮੁਲਾਜ਼ਮਾਂ ਨੇ ਟਰੱਕ ਨੂੰ ਮਾਊਂਟ ਲੇਹਮਨ ਇੰਟਰਚੇਂਜ ਵਿਖੇ ਹਾਈਵੇ ਇਕ 'ਤੇ ਦਾਖਲ ਹੁੰਦੇ ਦੇਖਿਆ ਅਤੇ ਨਿਸ਼ਾਨ ਰਹਿਤ ਮੋਟਰ ਗੱਡੀਆਂ ਨਾਲ ਐਬਟਸਫੋਰਡ ਤੋਂ ਸਰੀ ਤਕ ਟਰੱਕ ਦਾ ਪਿੱਛਾ ਕੀਤਾ। ਵਾਕਰ ਨੇ ਦੱਸਿਆ ਕਿ ਉਸ ਸਮੇਂ ਸ਼ੱਕੀ ਖ਼ਤਰਨਾਕ ਤਰੀਕੇ ਨਾਲ ਡਰਾਈਵਿੰਗ ਕਰ ਰਿਹਾ ਸੀ। ਟਰੱਕ ਫਿਰ ਸਰੀ ਵਿਚ ਸੇਕੋਆ ਡਰਾਈਵ ਅਤੇ 80ਵੀਂ ਐਵੀਨਿਊ ਦੇ ਇਲਾਕੇ ਵਿਚ ਦਾਖਲ ਹੋ ਗਿਆ। ਅਧਿਕਾਰੀਆਂ ਨੇ ਟਰੱਕ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਕਈ ਮੋਟਰ ਗੱਡੀਆਂ ਨੂੰ ਟੱਕਰ ਮਾਰ ਦਿੱਤੀ। ਇਕ ਅਧਿਕਾਰੀ ਜ਼ਖ਼ਮੀ ਹੋ ਗਿਆ। ਡਰਾਈਵਰ ਫਿਰ ਮੌਕੇ ਤੋਂ ਟਰੱਕ ਨੂੰ ਭਜਾ ਕੇ ਲੈ ਗਿਆ ਪਰ ਪੁਲਿਸ ਨੇ ਵੀ ਉਸ ਦਾ ਪਿੱਛਾ ਕਰਨਾ ਜਾਰੀ ਰੱਖਿਆ। ਬਾਅਦ ਵਿਚ ਸਰੀ ਪੁਲਿਸ ਸਰਵਿਸ ਅਤੇ ਸਰੀ ਆਰਸੀਐਮਪੀ ਨੇ ਡਰਾਈਵਰ ਤੇ ਉਸ ਨਾਲ ਟਰੱਕ 'ਤੇ ਸਵਾਰ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ। 25 ਸਾਲਾ ਐਂਡਰਿਊ ਕੋਰੋਸੇਕ 'ਤੇ ਕਈ ਦੋਸ਼ ਲਗਾਏ ਗਏ ਹਨ।


# 150ਵੀਂ ਵਰ੍ਹੇਗੰਢ 'ਤੇ ਆਰਸੀਐਮਪੀ ਕੈਨੇਡਾ ਦੀ ਪੁਲਿਸ ਸਰਵਿਸ ਵਜੋਂ ਦਰਦਨਾਕ ਇਤਿਹਾਸ ਨੂੰ ਦਰਸਾਏਗੀ

ਓਟਵਾ-ਆਰਸੀਐਮਪੀ ਦੀ ਆਪਣੀ 150ਵੀਂ ਵਰ੍ਹੇਗੰਢ 'ਤੇ ਮੰਗਲਵਾਰ ਅਤੇ ਸਾਰਾ ਸਾਲ ਸਮਾਗਮ ਕਰਨ ਦੀ ਯੋਜਨਾ ਹੈ। ਨੈਸ਼ਨਲ ਪੁਲਿਸ ਫੋਰਸ ਦਾ ਕਹਿਣਾ ਕਿ ਇਹ ਸਮਾਗਮ ਮਾਣ ਵਾਲੇ ਪਰ ਨਿਮਰਤਾ ਅਤੇ ਮੇਲ-ਮਿਲਾਪ ਦੇ ਯਤਨਾਂ ਦਾ ਪ੍ਰਦਰਸ਼ਨ ਹੋਣਗੇ। ਇਕ ਬਿਆਨ ਵਿਚ ਪ੍ਰਧਾਨ ਮੰਤਰੀ ਨੇ ਕੈਨੇਡਾ ਵਾਸੀਆਂ ਨੂੰ ਉਨ੍ਹਾਂ ਸਮਾਗਮਾਂ ਵਿਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦਿਆਂ ਆਰਸੀਐਮਪੀ ਨੂੰ ਵਿਸ਼ਵ ਵਿਚ ਸਭ ਤੋਂ ਵੱਧ ਸਤਿਕਾਰਤ ਪੁਲਿਸ ਸੰਗਠਨਾਂ ਵਿਚੋਂ ਇਕ ਆਖਿਆ ਹੈ ਪਰ ਉਨ੍ਹਾਂ ਆਰਸੀਐਮਪੀ ਨੂੰ ਸੁਧਾਰ ਤੇ ਤਬਦੀਲੀ ਦੀਆਂ ਆਪਣੀਆਂ ਯੋਜਨਾਵਾਂ ਜਾਰੀ ਰੱਖਣ ਦੀ ਅਪੀਲ ਕੀਤੀ ਹੈ। ਟਰੂਡੋ ਨੇ ਇਕ ਬਿਆਨ ਵਿਚ ਕਿਹਾ ਕਿ ਅਸੀਂ ਇਸ ਮੀਲਪੱਥਰ ਦੀ ਵਰ੍ਹੇਗੰਢ ਮਨਾਉਂਦੇ ਹੋਏ ਸਵੀਕਾਰ ਕਰਦੇ ਹਾਂ ਕਿ ਬੀਤੇ ਸਮੇਂ ਵਿਚ ਹੋਈਆਂ ਗਲਤੀਆਂ ਨੂੰ ਭੁਲਾ ਨਹੀਂ ਸਕਦੇ, ਉਹ ਉਨ੍ਹਾਂ ਤੋਂ ਸਿੱਖਿਆ ਲੈ ਸਕਦੇ ਹਨ। ਆਰਸੀਐਮਪੀ ਦੇ ਐਕਟਿੰਗ ਕਮਿਸ਼ਨਰ ਮਾਈਕ ਡੂਹੇਮੇ ਨੇ ਆਪਣੇ ਇਕ ਬਿਆਨ ਵਿਚ ਕਿਹਾ ਕਿ ਆਰਸੀਐਮਪੀ ਮਲ੍ਹਮ-ਪੱਟੀ ਤੇ ਮੇਲ-ਮਿਲਾਪ ਦਾ ਸਮਰਥਨ ਜਾਰੀ ਰੱਖੇਗੀ ਕਿਉਂਕਿ ਉਸ ਨੇ ਆਪਣੀਆਂ ਕਮਿਊਨਿਟੀਜ਼ ਨੂੰ ਹੁਣ ਤੇ ਭਵਿੱਖ ਵਿਚ ਲਗਾਤਾਰ ਸੁਰੱਖਿਆਤ ਰੱਖਣਾ ਹੈ। ਉਨ੍ਹਾਂ ਕਿਹਾ ਕਿ ਵਰ੍ਹੇਗੰਢ ਸਾਨੂੰ ਇਹ ਦੱਸਣ ਲਈ ਕਹਿੰਦੀ ਹੈ ਕਿ ਅਸੀਂ ਕੌਣ ਹਾਂ, ਅਸੀਂ ਕਿਥੋਂ ਆਏ ਹਾਂ ਅਤੇ 150 ਸਾਲਾਂ ਦੇ ਸਬਕ ਦੇ ਆਧਾਰ 'ਤੇ ਅਸੀਂ ਕਿਥੇ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਆਰਸੀਐਮਪੀ ਨੇ ਕੈਨੇਡਾ ਦੇ ਕੁਝ ਬਹੁਤ ਹੀ ਮੁਸ਼ਕਲ ਤੇ ਹਨ੍ਹੇਰੇ ਵਾਲੇ ਪਲਾਂ ਵਿਚ ਭੂਮਿਕਾ ਨਿਭਾਈ ਹੈ ਅਤੇ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ। ਉਨ੍ਹਾਂ ਸਮੁੱਚੇ ਕੈਨੇਡਾ ਵਿਚ ਫੋਰਸ ਦੇ 30000 ਤੋਂ ਵੀ ਜ਼ਿਆਦਾ ਮੁਲਾਜ਼ਮਾਂ ਦਾ ਉਨ੍ਹਾਂ ਦੇ ਯੋਗਦਾਨ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਪੁਲਿਸ ਮੁਲਾਜ਼ਮਾਂ ਦੀ ਰੋਜ਼ਮਰਾ ਜਿੰਦਗੀ ਮੁਸ਼ਕਿਲ ਹੋ ਸਕਦੀ ਹੈ ਪਰ ਇਹ ਜਿੰਦਗੀਆਂ ਨੂੰ ਵੀ ਬਦਲ ਸਕਦੀ ਹੈ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਰਿਸਦੇ ਨਾਸੂਰ ਚੁਰਾਸੀ ਦੇ

ਜੂਨ 1984 ਵਿੱਚ ਭਾਰਤ ਸਰਕਾਰ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ 'ਤੇ ਫ਼ੌਜੀ ਹਮਲਾ ਕਰ ਕੇ ਸਿੱਖ ਮਾਨਸਿਕਤਾ ਨੂੰ ਐਸੇ ਜ਼ਖ਼ਮ ਦਿੱਤੇ ਜਿਹੜੇ ਰਿਸਦੇ ਰਿਸਦੇ ਨਾਸੂਰ ਬਣ ਚੁੱਕੇ ਹਨ। ਸੰਖੇਪ ਵਿੱਚ ਜੇ ਗੱਲ ਕਰੀਏ ਤਾਂ ਇਹ ਫ਼ੌਜੀ ਹਮਲਾ ਵੀ ਉਸ ਸਮੇਂ ਕੀਤਾ ਗਿਆ ਜਦ ਸਮੁੱਚੀ ਮਾਨਵਤਾ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾ ਰਹੀ ਸੀ, ਜਿਨ੍ਹਾਂ ਨੇ ਮਨੁੱਖਤਾ ਨੂੰ ਸਰਬ-ਸਾਂਝਾ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਰਬ-ਸਾਂਝਾ ਧਰਮ ਮੰਦਰ ਸ੍ਰੀ ਹਰਿਮੰਦਰ ਸਾਹਿਬ ਦਿੱਤਾ ਅਤੇ ਗ਼ੁਲਾਮ ਤੇ ਦੱਬੂ ਭਾਰਤੀਆਂ ਵਾਸਤੇ ਸ਼ਹਾਦਤ ਦੇ ਕੇ ਗੌਰਵਮਈ ਸ਼ਹੀਦੀ ਸਿਧਾਂਤ ਤੇ ਪਰੰਪਰਾ ਦੀ ਨੀਂਹ ਰੱਖੀ। ਸੰਸਾਰ ਦੇ ਇਤਿਹਾਸ ਵਿੱਚ ਜੂਨ 1984 ਦਾ ਪਹਿਲਾ ਹਫ਼ਤਾ ਕਾਲੇ ਅੱਖਰਾਂ ਵਿੱਚ ਉੱਕਰਿਆ ਗਿਆ ਹੈ। ਕੁੱਝ ਘਟਨਾਵਾਂ, ਕੁੱਝ ਸਾਕੇ ਅਜਿਹੇ ਵਾਪਰ ਜਾਂਦੇ ਹਨ ਜੋ ਆਪਣੀ ਅਮਿੱਟ ਛਾਪ ਲੋਕ-ਹਿਰਦਿਆਂ ਉੱਪਰ ਸਦੀਵੀ ਕਾਲ ਲਈ ਲਗਾ ਜਾਂਦੇ ਹਨ। ਇਤਿਹਾਸਕਾਰ ਇਨ੍ਹਾਂ ਕਾਲੇ ਦਿਨਾਂ ਦੀ ਤੁਲਨਾ, ਸਿੱਖ ਕੌਮ ਦੇ ਇਤਿਹਾਸ ਵਿੱਚ ਪਹਿਲੇ ਵਾਪਰੇ ਘੱਲੂਘਾਰਿਆਂ ਨਾਲ ਕਰਦੇ ਹੋਏ ਇਸ ਨੂੰ ਤੀਜੇ ਘੱਲੂਘਾਰੇ ਦਾ ਨਾਮ ਦਿੰਦੇ ਹਨ। ਪਹਿਲੇ ਘੱਲੂਘਾਰਿਆਂ ਤੇ ਇਸ ਘੱਲੂਘਾਰੇ ਵਿੱਚ ਸਮੇਂ, ਸਰਕਾਰ ਤੇ ਸਥਿਤੀ ਦਾ ਅੰਤਰ ਬਹੁਤ ਹੈ। ਪਹਿਲੇ ਘੱਲੂਘਾਰੇ ਦੁਸ਼ਮਣ ਵੱਲੋਂ ਸ਼ੁਰੂ ਕੀਤੇ ਗਏ, ਪਰ ਇਹ ਘੱਲੂਘਾਰਾ ਆਜ਼ਾਦ ਭਾਰਤ ਵਿੱਚ ਆਪਣਿਆਂ ਵੱਲੋਂ ਕੀਤਾ ਗਿਆ। ਦੂਸਰਾ ਜਾਨੀ-ਮਾਲੀ ਨੁਕਸਾਨ ਦੇ ਨਾਲ ਨਾਲ ਇਸ ਘੱਲੂਘਾਰੇ ਵਿੱਚ ਜੋ ਇਤਿਹਾਸਕ ਵਿਰਸੇ ਤੇ ਵਿਰਾਸਤ ਦਾ ਨੁਕਸਾਨ ਆਪਣਿਆਂ ਨੇ ਕੀਤਾ, ਉਹ ਪਹਿਲੇ ਘੱਲੂਘਾਰਿਆਂ ਨੂੰ ਮਾਤ ਪਾ ਗਿਆ। ਭਾਰਤੀ ਹਾਕਮਾਂ ਦੀ ਇਹ ਬਦਕਿਸਮਤੀ ਹੀ ਸਮਝਣੀ ਚਾਹੀਦੀ ਹੈ ਕਿ ਇਨ੍ਹਾਂ ਕਦੇ ਵੀ ਪੂਰਵਵਰਤੀ ਤੇ ਆਧੁਨਿਕ ਇਤਿਹਾਸ ਨੂੰ ਪੜ੍ਹਨ ਦਾ ਕਸ਼ਟ ਹੀ ਨਹੀਂ ਕੀਤਾ। ਸਿੱਖ ਜਿਹੜੇ ਸਦੀਆਂ ਤੋਂ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਲੜਦੇ ਆ ਰਹੇ ਹਨ ਅਤੇ ਜਿਨ੍ਹਾਂ ਨੂੰ ਕਈ ਵਾਰੀ 'ਭਾਰਤੀ ਦੇਵੀਆਂ' ਨੂੰ ਦੁਸ਼ਮਣਾਂ ਦੇ ਹੱਥਾਂ ਵਿੱਚੋਂ ਛੁਡਾਉਣ ਲਈ ਜਾਨਾਂ 'ਤੇ ਖੇਡਣਾ ਪਿਆ, ਉਨ੍ਹਾਂ ਨਾਲ ਜ਼ਰਾਇਮ ਪੇਸ਼ਾ ਲੋਕਾਂ ਵਾਲਾ ਸਲੂਕ ਕੀਤਾ ਗਿਆ। ਅਜਿਹਾ ਕਰਨ ਲੱਗਿਆਂ ਦੇਸ਼ ਦੀ ਆਜ਼ਾਦੀ ਦੀ ਲੜਾਈ ਤੇ ਅਜ਼ਾਦੀ ਨੂੰ ਕਾਇਮ ਰੱਖਣ ਲਈ ਸਿੱਖਾਂ ਵੱਲੋਂ ਕੀਤੀਆਂ ਅਣਗਿਣਤ ਕੁਰਬਾਨੀਆਂ ਨੂੰ ਭੁਲਾ ਦਿੱਤਾ ਗਿਆ। ਇਤਿਹਾਸ ਦਾ ਹਰ ਨਿਰਪੱਖ ਵਿਦਿਆਰਥੀ ਸਿੱਖਾਂ ਨੂੰ ਦੇਸ਼ ਭਗਤ ਹੀ ਕਹੇਗਾ ਪਰ ਸਮੇਂ ਦੇ ਹਾਕਮਾਂ ਨੇ ਸਿੱਖਾਂ ਨੂੰ ਅਤਿਵਾਦੀ, ਵੱਖਵਾਦੀ, ਦੇਸ਼ ਧਰੋਹੀ ਕਹਿ ਕੇ ਨਿੰਦਿਆ। ਇਹ ਸਿਲਸਿਲਾ ਸਾਕਾ ਨੀਲਾ ਤਾਰਾ ਨਾਲ ਨਹੀਂ ਮੁੱਕਿਆ। ਨਵੰਬਰ 1984 ਵਿੱਚ ਸਿੱਖ ਕਤਲੇਆਮ ਵਾਪਰਿਆ। ਆਜ਼ਾਦ ਭਾਰਤ ਵਿਚ ਇਸ ਦੇ ਨਾਗਰਿਕਾਂ ਦੇ ਦਿਨ ਦਿਹਾੜੇ ਕਤਲ ਹੋਏ, ਕਈਆਂ ਸਿੱਖਾਂ ਦੀਆਂ ਅੱਖਾਂ ਕੱਢੀਆਂ ਗਈਆਂ, ਕਈਆਂ ਦੇ ਟੋਟੇ ਕੀਤੇ ਗਏ ਅਤੇ ਕਈ ਗਲਾਂ 'ਚ ਟਾਇਰ ਤੇ ਪੈਟਰੋਲ ਪਾ ਕੇ ਸਾੜੇ ਗਏ। ਕੌਮੀ ਰਾਜਧਾਨੀ ਦਿੱਲੀ 'ਚ ਹੀ 3000 ਤੋਂ ਵਧੇਰੇ ਨਿਰਦੋਸ਼ ਸਿੱਖ ਮਾਰੇ ਗਏ, ਉਨ੍ਹਾਂ ਦੀ ਕਿਸੇ ਸਰਕਾਰ ਨੇ ਸਾਰ ਨਹੀਂ ਲਈ। ਇਸ ਸਾਕੇ ਦੇ ਪੀੜਤ ਅਜੇ ਵੀ ਇਨਸਾਫ਼ ਦੀ ਉਡੀਕ ਵਿੱਚ ਹਨ ਅਤੇ ਉਨ੍ਹਾਂ ਨੂੰ ਮਸ਼ਵਰੇ ਦਿੱਤੇ ਜਾਂਦੇ ਹਨ ਕਿ ਉਹ 1984 ਨੂੰ ਭੁਲਾ ਕੇ ਭਵਿੱਖ ਨੂੰ ਸੁਖਾਵਾਂ ਬਣਾਉਣ ਬਾਰੇ ਸੋਚਣ। ਤੀਸਰੇ ਘੱਲੂਘਾਰੇ ਦੇ ਬਹੁਤ ਸਾਰੇ ਪਹਿਲੂ ਹਨ ਜਿਨ੍ਹਾਂ ਨੂੰ ਵਿਸਥਾਰ ਵਿੱਚ ਬਿਆਨਣ ਤੋਂ ਕਲਮ ਅਸਮਰੱਥ ਹੈ। ਇਨ੍ਹਾਂ ਕਾਲੇ ਦਿਨਾਂ ਦੀ ਕਹਾਣੀ ਨੂੰ ਸੈਂਕੜੇ ਯਤੀਮ ਹੋਏ ਬੱਚੇ, ਵਿਧਵਾਵਾਂ, ਬਦਨਸੀਬ ਮਾਪੇ, ਸ੍ਰੀ ਹਰਿਮੰਦਰ ਸਾਹਿਬ ਵਿਖੇ ਉਸ ਸਮੇਂ ਪ੍ਰਕਾਸ਼ ਹੋਏ ਜ਼ਖ਼ਮੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ, ਸ੍ਰੀ ਹਰਿਮੰਦਰ ਸਾਹਿਬ 'ਤੇ ਲੱਗੇ ਗੋਲੀਆਂ ਦੇ ਨਿਸ਼ਾਨ, ਸ੍ਰੀ ਅਕਾਲ ਤਖ਼ਤ ਨੂੰ ਪੁੱਜੇ ਇਮਾਰਤੀ ਨੁਕਸਾਨ, ਦਰਸ਼ਨੀ ਡਿਉਡੀ, ਸਿੱਖ ਰੈਫਰੈਂਸ ਲਾਇਬ੍ਰੇਰੀ ਤੇ ਗੁਰੂ ਰਾਮਦਾਸ ਸਰਾਂ ਨੂੰ ਹੋਏ ਨੁਕਸਾਨ ਅਤੇ ਤੇਜਾ ਸਿੰਘ ਸਮੁੰਦਰੀ ਹਾਲ ਦੀ ਸੜੀ ਹੋਈ ਇਮਾਰਤ- ਇਹ ਸਭ ਘੱਲੂਘਾਰੇ ਦੀ ਮੂੰਹ ਬੋਲਦੀ ਤਸਵੀਰ ਨੂੰ ਅੱਜ ਤੱਕ ਪ੍ਰਗਟ ਕਰਦੇ ਹਨ। ਕਹਿਣਾ-ਸੁਣਨਾ ਤੇ ਲਿਖ ਲੈਣਾ ਆਸਾਨ ਹੈ ਪਰ ਅਜਿਹੇ ਰਿਸਦੇ ਜ਼ਖ਼ਮਾਂ ਦੇ ਨਾਸੂਰ ਨੂੰ ਨੰਗੇ ਪਿੰਡੇ ਹੰਢਾਉਣਾ ਬਹੁਤ ਮੁਸ਼ਕਿਲ ਹੈ। ਸਿੱਖਾਂ ਨੂੰ ਇਹ ਹੰਢਾਉਣਾ ਪਿਆ ਤੇ ਹੰਢਾ ਰਹੇ ਹਨ। ਸਾਕਾ ਨੀਲਾ ਤਾਰਾ ਨੂੰ 34 ਸਾਲ ਬੀਤ ਗਏ ਹਨ ਪਰ ਮੇਰੇ ਸਾਹਮਣੇ ਖੜ੍ਹੇ ਹਨ ਉਹ ਪਲ, ਜਦ ਸਾਡੇ ਛੋਟੇ ਜਿਹੇ ਪਿੰਡ ਖਾਨੋਵਾਲ (ਗੁਰਦਾਸਪੁਰ) ਦੇ ਬਜ਼ੁਰਗ, ਨੌਜਵਾਨ, ਮਰਦ, ਔਰਤਾਂ ਇਸ ਫ਼ੌਜੀ ਹਮਲੇ ਕਰ ਕੇ ਪੈਦਾ ਹੋਏ ਰੋਹ ਤੇ ਰੋਸ ਨੂੰ ਪ੍ਰਗਟ ਕਰਨ ਲਈ ਨਿਹੱਥੇ ਪੈਦਲ ਸ੍ਰੀ ਅੰਮ੍ਰਿਤਸਰ ਵੱਲ ਚੱਲ ਪਏ। ਕਿਸ ਨੇ ਪਹੁੰਚਣ ਦੇਣਾ ਸੀ ਉਸ ਮੁਕਾਮ 'ਤੇ ਜਿਸ ਨੂੰ ਹਰ ਸਿੱਖ ਸਵੇਰੇ-ਸ਼ਾਮ ਅਰਦਾਸ 'ਚ ਯਾਦ ਕਰਦਾ ਹੈ ਪਰ ਭਾਵਨਾ, ਸਿਦਕ, ਭਰੋਸਾ ਤੇ ਵਿਸ਼ਵਾਸ ਪ੍ਰਗਟ ਕਰਦੇ ਉਹ ਪਲ ਸਿੱਖ ਮਾਨਸਿਕਤਾ 'ਤੇ ਆਏ ਗਹਿਰੇ ਜ਼ਖ਼ਮਾਂ ਦੀ ਹੁਣ ਵੀ ਗਵਾਹੀ ਭਰਦੇ ਹਨ।

—ਵਰਿੰਦਰ ਕੌਰ





**ਸਾਕਾ ਨੀਲਾ ਤਾਰਾ ਨੂੰ 34 ਸਾਲ ਬੀਤ ਗਏ ਹਨ ਪਰ ਮੇਰੇ ਸਾਹਮਣੇ ਖੜ੍ਹੇ ਹਨ ਉਹ ਪਲ, ਜਦ ਸਾਡੇ ਛੋਟੇ ਜਿਹੇ ਪਿੰਡ ਖਾਨੋਵਾਲ (ਗੁਰਦਾਸਪੁਰ) ਦੇ ਬਜ਼ੁਰਗ, ਨੌਜਵਾਨ, ਮਰਦ, ਔਰਤਾਂ ਇਸ ਫ਼ੌਜੀ ਹਮਲੇ ਕਰ ਕੇ ਪੈਦਾ ਹੋਏ ਰੋਹ ਤੇ ਰੋਸ ਨੂੰ ਪ੍ਰਗਟ ਕਰਨ ਲਈ ਨਿਹੱਥੇ ਪੈਦਲ ਸ੍ਰੀ ਅੰਮ੍ਰਿਤਸਰ ਵੱਲ ਚੱਲ ਪਏ। ਕਿਸ ਨੇ ਪਹੁੰਚਣ ਦੇਣਾ ਸੀ ਉਸ ਮੁਕਾਮ 'ਤੇ ਜਿਸ ਨੂੰ ਹਰ ਸਿੱਖ ਸਵੇਰੇ-ਸ਼ਾਮ ਅਰਦਾਸ 'ਚ ਯਾਦ ਕਰਦਾ ਹੈ**


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

F ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

A rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

S peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

T ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / icon on its own and the heart and / icon followed by another icon or words are trademarks of the Heart and Stroke Foundation of Canada.



REAL ESTATE BUY & SELL | MORTGAGES 1st, 2nd or Private | BUILD WITH WARRANTY BUILD, SUPPORT & ADVICE TEAM WORK

KULWANT ATWAL 604-716-2135 | BHAJAN ATWAL 604-773-8426 | 604-773-8426 604-594-7592



Save Commissions & Get Sold Guaranteed
We Help Buyers With Cash Back
Buy, Sell, Mortgage or Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages

604-716-2135 604-773-8426

## ਸਾਬਕਾ ਵਿਧਾਇਕ ਕਿੱਕੀ ਢਿੱਲੋਂ ਨੂੰ 7 ਜੂਨ ਤੱਕ ਜੇਲ ਭੇਜਿਆ

ਫ਼ਰੀਦਕੋਟ-ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਤਹਿਤ 16 ਮਈ ਨੂੰ ਗ੍ਰਿਫ਼ਤਾਰ ਕੀਤੇ ਗਏ ਫਰੀਦਕੋਟ ਦੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਨੂੰ ਅੱਜ ਇੱਥੇ ਇਲਾਕਾ ਮੈਜਿਸਟਰੇਟ ਲਵਦੀਪ ਹੁੰਦਲ ਨੇ 7 ਦਿਨ ਦਾ ਪੁਲੀਸ ਰਿਮਾਂਡ ਖਤਮ ਹੋਣ ਤੋਂ ਬਾਅਦ ਜੇਲ੍ਹ ਭੇਜ ਦਿੱਤਾ ਹੈ। ਵਿਜੀਲੈਂਸ ਬਿਊਰੋ ਨੇ ਕੁਸ਼ਲਦੀਪ ਸਿੰਘ ਢਿੱਲੋਂ ਖਿਲਾਫ਼ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਤਹਿਤ ਕੇਸ ਦਰਜ ਕੀਤਾ ਹੈ। ਵਿਜੀਲੈਂਸ ਨੇ ਅਦਾਲਤ ਨੂੰ ਦੱਸਿਆ ਕਿ ਮੁਲਜ਼ਮ ਨੇ ਆਪਣੀ ਆਮਦਨ ਨਾਲੋਂ 8 ਕਰੋੜ ਰੁਪਏ ਵੱਧ ਖਰਚੇ ਹਨ। ਵਿਜੀਲੈਂਸ ਨੇ ਦੱਸਿਆ ਕਿ ਸਾਬਕਾ ਵਿਧਾਇਕ ਤੋਂ ਪੁੱਛ-ਪੜਤਾਲ ਮੁਕੰਮਲ ਹੋ ਗਈ ਹੈ ਜਦੋਂਕਿ ਇਸ ਮਾਮਲੇ ਦੀ ਤਫ਼ਤੀਸ਼ ਅਜੇ ਚੱਲ ਰਹੀ ਹੈ। ਮੈਜਿਸਟਰੇਟ ਨੇ ਅਦਾਲਤੀ ਹਿਰਾਸਤ ਤਹਿਤ ਕੁਸ਼ਲਦੀਪ ਸਿੰਘ ਢਿੱਲੋਂ ਨੂੰ 7 ਜੂਨ ਤੱਕ ਜੇਲ੍ਹ ਭੇਜ ਦਿੱਤਾ।

## ਸਠਿਆਲਾ ਦੇ ਜਰਨੈਲ ਸਿੰਘ ਦੇ ਕਤਲ ਦੀ ਜਿੰਮੇਵਾਰੀ ਬੰਬੀਹਾ ਗਰੁੱਪ ਨੇ ਲਈ

ਰਈਆ (ਭੰਗੂ)-ਦਵਿੰਦਰ ਬੰਬੀਹਾ ਗਰੁੱਪ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਬੀਤੇ ਦਿਨ ਪਿੰਡ ਸਠਿਆਲਾ ਦੇ ਵੇਟਲਿਫਟਰ ਜਰਨੈਲ ਸਿੰਘ ਨੂੰ ਕਤਲ ਕਰਨ ਦਾ ਦਾਅਵਾ ਕੀਤਾ ਹੈ। ਦ ਵਿੰਦਰ ਬੰਬੀਹਾ ਗਰੁੱਪ ਦੀ ਫੇਸਬੁੱਕ ਆਈਡੀ 'ਤੇ ਪਾਈ ਗਈ ਇਕ ਪੋਸਟ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਹੀ ਹੈ, ਜਿਸ ਵਿਚ ਲਿਖਿਆ ਹੈ, "ਜਰਨੈਲ ਸਿੰਘ ਦਾ ਕਤਲ ਸਾਡੇ ਭਰਾ ਡੋਨੀ ਬਲ ਸਠਿਆਲਾ ਅਤੇ ਗੋਪੀ ਮਾਹਲ ਨੇ ਕੀਤਾ ਹੈ। ਇਸ ਵਿਅਕਤੀ ਦਾ ਸਾਡੇ ਨਾਲ ਕੋਈ ਲੈਣ ਦੇਣ ਨਹੀਂ ਸੀ, ਇਹ ਵਿਅਕਤੀ ਸਾਡੇ ਵਿਰੋਧੀ ਗਰੁੱਪ ਜੱਗੂ ਖੋਟੀ ਅਤੇ ਹੈਰੀ ਚੱਠਾ ਨਾਲ ਸਬੰਧ ਰੱਖਦਾ ਸੀ।" ਦੱਸਣਯੋਗ ਹੈ ਕਿ ਬੀਤੇ ਦਿਨ ਵੇਟਲਿਫਟਰ ਜਰਨੈਲ ਸਿੰਘ ਦਾ ਚਾਰ ਸ਼ੂਟਰਾਂ ਨੇ ਦਿਨ ਦਿਹਾੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਡੀਐੱਸਪੀ ਬਾਬਾ ਬਕਾਲਾ ਹਰਕ੍ਰਿਸ਼ਨ ਸਿੰਘ ਨੇ ਕਿਹਾ ਕੇ ਪੁਲੀਸ ਵੱਲੋਂ ਮੁਲਜ਼ਮਾਂ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ।

# ਵੈਨਕੂਵਰ ਜਾ ਰਿਹਾ ਏਅਰ ਇੰਡੀਆ ਦਾ ਜਹਾਜ਼ ਤਕਨੀਕੀ ਖ਼ਰਾਬੀ ਕਾਰਨ ਦਿੱਲੀ ਪਰਤਿਆ



ਨਵੀਂ ਦਿੱਲੀ-ਦਿੱਲੀ ਤੋਂ ਵੈਨਕੂਵਰ ਜਾਣ ਵਾਲੀ ਏਅਰ ਇੰਡੀਆ ਦੀ ਉਡਾਣ (ਏਆਈ185) ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਤਕਨੀਕੀ ਖਰਾਬੀ ਕਾਰਨ ਦਿੱਲੀ ਹਵਾਈ ਅੱਡੇ 'ਤੇ ਵਾਪਸ ਆ ਗਈ। ਜਹਾਜ਼ ਨੂੰ ਕਿਸ ਕਾਰਨ ਮੋੜਨਾ ਤੇ ਉਤਾਰਨਾ ਪਿਆ, ਇਸ ਦਾ ਤੁਰੰਤ ਪਤਾ ਨਹੀਂ ਲੱਗਿਆ। ਏਅਰ ਇੰਡੀਆ ਦੇ ਬੁਲਾਰੇ ਨੇ ਦੱਸਿਆ ਕਿ ਜਹਾਜ਼ ਦਿੱਲੀ ਹਵਾਈ ਅੱਡੇ 'ਤੇ ਸੁਰੱਖਿਅਤ ਉਤਰ ਗਿਆ। ਮੁਸਾਫਰਾਂ ਨੂੰ ਹੋਣ ਵਾਲੀ ਅਸੁਵਿਧਾ ਲਈ ਅਫਸੋਸ ਹੈ ਅਤੇ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਦੇ ਹੋਏ ਉਨ੍ਹਾਂ ਲਈ ਬਦਲਵੇਂ ਪ੍ਰਬੰਧ ਕਰ ਰਹੇ ਹਾਂ।



## ਵੀਅਤਨਾਮ ਦੇ ਜਹਾਜ਼ 'ਚ ਖ਼ਰਾਬੀ, 300 ਦੇ ਕਰੀਬ ਯਾਤਰੀ ਮੁੰਬਈ ਹਵਾਈ ਅੱਡੇ 'ਤੇ ਕਈ ਘੰਟਿਆਂ ਤੋਂ ਫਸੇ

ਮੁੰਬਈ-ਵੀਅਤਜੈੱਟ ਦੀ ਉਡਾਣ ਵਿਚ ਵਿਘਨ ਪੈਣ ਕਾਰਨ ਇਸ ਦੇ ਘੱਟੋ-ਘੱਟ 300 ਯਾਤਰੀ ਇਥੇ ਫਸ ਗਏ। ਇਹ ਜਹਾਜ਼ ਵੀਅਤਨਾਮ ਦੇ ਹੋ ਚੀ ਮਿਨਹ ਸ਼ਹਿਰ ਜਾ ਰਿਹਾ ਸੀ। ਯਾਤਰੀ ਮੁਤਾਬਕ ਜਹਾਜ਼ 'ਚ ਖਰਾਬੀ ਕਾਰਨ ਉਨ੍ਹਾਂ ਨੂੰ ਕਰੀਬ 10 ਘੰਟੇ ਸ਼ਹਿਰ ਦੇ ਹਵਾਈ ਅੱਡੇ 'ਤੇ ਇੰਤਜ਼ਾਰ ਕਰਨਾ ਪਿਆ। ਯਾਤਰੀ ਨੇ ਦੋਸ਼ ਲਾਇਆ ਕਿ ਲੰਬਾ ਸਮਾਂ ਇੰਤਜ਼ਾਰ ਕਰਨ ਦੇ ਬਾਵਜੂਦ ਏਅਰਲਾਈਨ ਨੇ ਯਾਤਰੀਆਂ ਲਈ ਹੋਟਲ ਜਾਂ ਖਾਣੇ ਦਾ ਪ੍ਰਬੰਧ ਨਹੀਂ ਕੀਤਾ। ਡੀਜੀਸੀਏ ਦੇ ਨਿਯਮਾਂ ਤਹਿਤ ਜੇਕਰ ਕਿਸੇ ਫਲਾਈਟ ਵਿੱਚ ਨਿਰਧਾਰਤ ਸਮੇਂ ਤੋਂ ਜ਼ਿਆਦਾ ਦੇਰੀ ਹੁੰਦੀ ਹੈ ਤਾਂ ਸਬੰਧਤ ਏਅਰਲਾਈਨ ਨੂੰ ਯਾਤਰੀਆਂ ਦੇ ਬੋਰਡਿੰਗ ਅਤੇ ਰਹਿਣ ਦੀ ਵਿਵਸਥਾ ਕਰਨੀ ਹੋਵੇਗੀ। ਇਸ ਸਬੰਧ ਵਿੱਚ ਵੀਅਤਜੈੱਟ ਨੂੰ ਭੇਜੇ ਗਏ ਸਵਾਲਾਂ ਦੇ ਲਿਖਤੀ ਸਮੇਂ ਤੱਕ ਜਵਾਬ ਨਹੀਂ ਮਿਲੇ।

## 194 ਯਾਤਰੀਆਂ ਨਾਲ ਦੱਖਣੀ ਕੋਰੀਆ ਦਾ ਹਵਾਈ ਜਹਾਜ਼ ਖੁੱਲ੍ਹੇ ਦਰਵਾਜ਼ੇ ਨਾਲ ਉੱਡਦਾ ਰਿਹਾ

ਸਿਓਲ-ਏਅਰਲਾਈਨ ਅਤੇ ਸਰਕਾਰੀ ਅਧਿਕਾਰੀਆਂ ਨੇ ਦੱਸਿਆ ਕਿ ਏਸ਼ੀਆਨਾ ਏਅਰਲਾਈਨਜ਼ ਦੇ ਉੱਡਦੇ ਜਹਾਜ਼ ਦਾ ਯਾਤਰੀ ਨੇ ਦਰਵਾਜ਼ਾ ਖੋਲ੍ਹ ਦਿੱਤਾ ਪਰ ਇਸ ਦੇ ਬਾਵਜੂਦ ਜਹਾਜ਼ ਦੱਖਣੀ ਕੋਰੀਆ ਦੇ ਹਵਾਈ ਅੱਡੇ 'ਤੇ ਸੁਰੱਖਿਅਤ ਉਤਰ ਗਿਆ। ਟਰਾਂਸਪੋਰਟ ਮੰਤਰਾਲੇ ਨੇ ਕਿਹਾ ਕਿ ਜਹਾਜ਼ 'ਤੇ ਸਵਾਰ ਕੁਝ ਲੋਕਾਂ ਨੇ ਵਿਅਕਤੀ ਨੂੰ ਦਰਵਾਜ਼ਾ ਖੋਲ੍ਹਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾਕਾਮ ਹੋ ਗਏ। 194 ਯਾਤਰੀਆਂ ਨੂੰ ਲੈ ਕੇ ਇਹ ਜਹਾਜ਼ ਦੱਖਣੀ ਟਾਪੂ ਜੇਜੂ ਤੋਂ ਦੱਖਣ-ਪੂਰਬੀ ਸ਼ਹਿਰ ਡੇਗੂ ਲਈ ਜਾ ਰਿਹਾ ਸੀ। ਸਫ਼ਰ ਕਰੀਬ ਘੰਟੇ ਦਾ ਸੀ ਪਰ ਹਾਲੇ ਤੱਕ ਸਪਸ਼ਟ ਨਹੀਂ ਹੋਇਆ ਕਿ ਦਰਵਾਜ਼ਾ ਕਿੰਨਾ ਸਮਾਂ ਖੁੱਲ੍ਹਾ ਰਿਹਾ। ਏਅਰਲਾਈਨ ਨੇ ਦੱਸਿਆ ਕਿ ਪੁਲੀਸ ਨੇ ਦਰਵਾਜ਼ਾ ਖੋਲ੍ਹਣ ਵਾਲੇ ਨੂੰ ਹਿਰਾਸਤ ਵਿੱਚ ਲੈ ਲਿਆ। ਉਸ ਦੇ ਇਰਾਦੇ ਦਾ ਤੁਰੰਤ ਪਤਾ ਨਹੀਂ ਲੱਗ ਸਕਿਆ। 9 ਯਾਤਰੀਆਂ ਨੂੰ ਸਾਹ ਦੀ ਸਮੱਸਿਆ ਕਾਰਨ ਹਸਪਤਾਲ ਲਿਜਾਇਆ ਗਿਆ।

# ਦੁਨੀਆ ਦੇ ਸਭ ਤੋਂ ਵੱਧ 'ਆਧੁਨਿਕ ਗੁਲਾਮ' ਭਾਰਤ ਵਿੱਚ

ਸੰਯੁਕਤ ਰਾਸ਼ਟਰ-ਦੁਨੀਆ ਦੇ 20 ਸਭ ਤੋਂ ਅਮੀਰ ਮੁਲਕਾਂ 'ਚ ਜਬਰੀ ਮਜ਼ਦੂਰੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਤਕਰੀਬਨ ਪੰਜ ਕਰੋੜ ਲੋਕਾਂ 'ਚੋਂ ਅੱਧਿਆਂ ਤੋਂ ਵੱਧ ਦੀ 'ਆਧੁਨਿਕ ਗੁਲਾਮੀ' ਲਈ ਇਹ ਦੇਸ਼ ਹੀ ਜ਼ਿੰਮੇਵਾਰ ਹਨ। ਇਨ੍ਹਾਂ ਮੁਲਕਾਂ 'ਚੋਂ ਪਹਿਲਾ ਸਥਾਨ ਭਾਰਤ ਤੇ ਦੂਜਾ ਸਥਾਨ ਚੀਨ ਦਾ ਹੈ। ਬੀਤੇ ਦਿਨ ਜਾਰੀ ਹੋਈ ਇੱਕ ਰਿਪੋਰਟ 'ਚ ਇਹ ਦਾਅਵਾ ਕੀਤਾ ਗਿਆ ਹੈ।

ਮਨੁੱਖੀ ਅਧਿਕਾਰ ਸੰਗਠਨ 'ਵਾਕ ਫਰੀ ਫਾਊਂਡੇਸ਼ਨ' ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਜੀ-20 ਸਮੂਹ ਦੇ ਛੇ ਮੁਲਕਾਂ 'ਚੋਂ ਸਭ ਤੋਂ ਵੱਧ ਗਿਣਤੀ 'ਚ ਲੋਕ ਆਧੁਨਿਕ ਗੁਲਾਮੀ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਤੋਂ ਜਾਂ ਤਾਂ ਜਬਰੀ ਮਜ਼ਦੂਰੀ ਕਰਵਾਈ ਜਾ ਰਹੀ ਹੈ ਜਾਂ ਉਨ੍ਹਾਂ ਨੂੰ ਵਿਆਹ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਸ ਸੂਚੀ ਵਿੱਚ 1.1 ਕਰੋੜ ਲੋਕਾਂ ਨਾਲ ਭਾਰਤ ਪਹਿਲੇ ਸਥਾਨ 'ਤੇ ਹੈ। ਉਸ ਤੋਂ ਬਾਅਦ ਚੀਨ (58 ਲੱਖ), ਰੂਸ (19 ਲੱਖ), ਇੰਡੋਨੇਸ਼ੀਆ (18 ਲੱਖ), ਤੁਰਕੀ (13 ਲੱਖ) ਅਤੇ ਅਮਰੀਕਾ (11 ਲੱਖ) ਦਾ ਸਥਾਨ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਆਧੁਨਿਕ ਗੁਲਾਮੀ ਦੀ ਘੱਟੋ ਘੱਟ ਮੌਜੂਦਗੀ ਵਾਲੇ ਦੇਸ਼ਾਂ ਵਿੱਚ ਸਵਿਟਜ਼ਰਲੈਂਡ, ਨਾਰਵੇ, ਜਰਮਨੀ, ਨੈਦਰਲੈਂਡਜ਼, ਸਵੀਡਨ, ਡੈਨਮਾਰਕ, ਬੈਲਜੀਅਮ, ਆਇਰਲੈਂਡ, ਜਪਾਨ ਤੇ ਫਿਨਲੈਂਡ ਸ਼ਾਮਲ ਹਨ ਅਤੇ ਇਨ੍ਹਾਂ 'ਚੋਂ ਵੀ ਜ਼ਿਆਦਾਤਰ ਮੁਲਕ ਜੀ-20 ਦੇ ਮੈਂਬਰ ਹਨ। ਰਿਪੋਰਟ 'ਚ ਕਿਹਾ ਗਿਆ ਹੈ, 'ਹਾਲਾਂਕਿ ਇਨ੍ਹਾਂ ਦੇਸ਼ਾਂ 'ਚ ਵੀ ਉਨ੍ਹਾਂ ਦੇ ਆਰਥਿਕ ਵਿਕਾਸ ਦੇ ਉੱਚੇ ਪੱਧਰ, ਲਿੰਗਿਕ ਬਰਾਬਰੀ, ਸਮਾਜ ਭਲਾਈ ਅਤੇ ਸਿਆਸੀ ਸਥਿਰਤਾ ਤੇ ਮਜ਼ਬੂਤ ਅਪਰਾਧਿਕ ਨਿਆਂ ਪ੍ਰਣਾਲੀ ਦੇ ਬਾਵਜੂਦ ਹਜ਼ਾਰਾਂ ਲੋਕ ਜਬਰੀ ਕੰਮ ਕਰਨ ਜਾਂ ਵਿਆਹ ਕਰਨ ਲਈ ਮਜਬੂਰ ਹਨ।' ਪਿਛਲੇ ਸਾਲ ਸਤੰਬਰ 'ਚ ਸੰਯੁਕਤ ਰਾਸ਼ਟਰ ਦੇ ਕੌਮਾਂਤਰੀ ਕਿਰਤ ਸੰਗਠਨ ਤੇ ਕੌਮਾਂਤਰੀ ਪਰਵਾਸ ਸੰਗਠਨ ਅਤੇ ਵਾਕ ਫਰੀ ਨੇ ਇਹ ਅਨੁਮਾਨ ਜ਼ਾਹਿਰ ਕੀਤਾ ਸੀ ਕਿ 2021 ਦੇ ਅੰਤ ਤੱਕ ਪੰਜ ਕਰੋੜ ਲੋਕ ਆਧੁਨਿਕ ਗੁਲਾਮੀ ਝੱਲਣ ਲਈ ਮਜਬੂਰ ਸੀ ਜਿਨ੍ਹਾਂ 'ਚੋਂ 2.8 ਕਰੋੜ ਲੋਕਾਂ ਨੇ ਜਬਰੀ ਮਜ਼ਦੂਰੀ ਦਾ ਸਾਹਮਣਾ ਕੀਤਾ ਅਤੇ 2.2 ਕਰੋੜ ਲੋਕਾਂ ਦਾ ਜਬਰੀ ਵਿਆਹ ਕਰ ਦਿੱਤਾ ਗਿਆ। ਇਹ ਸਾਲ 2016 ਮੁੱਕਣ ਤੋਂ ਸਿਰਫ਼ ਪੰਜ ਸਾਲਾਂ ਅੰਦਰ ਇਕ ਕਰੋੜ ਲੋਕਾਂ ਦਾ ਵਾਧਾ ਹੈ। ਰਿਪੋਰਟ ਅਨੁਸਾਰ 2021 ਦੇ ਅੰਤ ਤੱਕ ਸਭ ਤੋਂ ਵੱਧ ਗਿਣਤੀ 'ਚ ਆਧੁਨਿਕ ਗੁਲਾਮੀ ਵਾਲੇ ਦੇਸ਼ਾਂ 'ਚ ਉੱਤਰ ਕੋਰੀਆ, ਐਰੀਟ੍ਰਿਆ, ਮੌਰੀਟਾਨੀਆ, ਸਾਊਦੀ ਅਰਬ ਤੇ ਤੁਰਕੀ ਵੀ ਸ਼ਾਮਲ ਸਨ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

ਅਲਬਰਟਾ ਚੋਣਾਂ -ਮਈ 2023

# ਯੂ.ਸੀ.ਪੀ. ਤੇ ਐਨ.ਡੀ. ਵਿਚਾਲੇ ਫਸਵੀਂ ਟੱਕਰ...

**ਸੁਖਵਿੰਦਰ ਸਿੰਘ ਚੋਹਲਾ**

ਅਲਬਰਟਾ ਵਿਧਾਨ ਸਭਾ ਲਈ ਵੋਟਾਂ 29 ਮਈ ਨੂੰ ਹਨ। 87 ਮੈਂਬਰੀ ਵਿਧਾਨ ਸਭਾ ਲਈ ਦੋਵਾਂ ਪ੍ਰਮੁੱਖ ਪਾਰਟੀਆਂ- ਯੁਨਾਈਟਡ ਕੰਸਰਵੇਟਿਵ ਪਾਰਟੀ ਤੇ ਨਿਊ ਡੈਮੋਕਰੇਟ ਪਾਰਟੀ ਵਿਚਾਲੇ ਫਸਵੀਂ ਟੱਕਰ ਹੈ। ਭਾਵੇਂਕਿ ਡੈਨੀਅਲ ਸਮਿਥ ਦੀ ਅਗਵਾਈ ਹੇਠ ਯੂ ਸੀ ਪੀ ਦੁਬਾਰਾ ਸੱਤਾ ਵਿਚ ਆਉਣ ਲਈ ਪੂਰੇ ਉਤਸ਼ਾਹ ਨਾਲ ਚੋਣ ਮੁਹਿਮ ਚਲਾ ਰਹੀ ਹੈ ਪਰ ਸੂਬੇ ਦੇ ਕੁਝ ਅਹਿਮ ਮੁੱਦਿਆਂ ਉਪਰ ਐਨ ਡੀ ਪੀ ਦੀ ਸਪੱਸ਼ਟ ਪਹੁੰਚ ਕਾਰਣ ਵਰਕਰ ਕਲਾਸ ਵਲੋਂ ਉਸਨੂੰ ਭਰਵਾਂ ਹੁੰਗਾਰਾ ਮਿਲਦਾ ਦਿਖਾਈ ਦੇ ਰਿਹਾ ਹੈ। ਆਮ ਕਰਕੇ ਅਲਬਰਟਾ ਨੂੰ ਕੰਸਰਵੇਟਿਵ ਦੇ ਗੜ੍ਹ ਵਜੋਂ ਵੇਖਿਆ ਜਾਂਦਾ ਹੈ ਤੇ ਸੂਬੇ ਵਿਚ ਇਸ ਪਾਰਟੀ ਨੇ ਲਗਾਤਾਰ 40 ਸਾਲ ਕਿਸੇ ਹੋਰ ਪਾਰਟੀ ਨੂੰ ਸੱਤਾ ਦੇ ਲਾਗੇ ਨਹੀ ਲੱਗਣ ਦਿੱਤਾ। ਪਿਛਲੀ ਵਾਰ 2015 ਵਿਚ ਰੇਚਲ ਨੋਟਲੀ ਦੀ ਅਗਵਾਈ ਹੇਠ ਐਨ ਡੀ ਪੀ ਦੀ ਸਰਕਾਰ ਬਣੀ ਸੀ। ਪਰ 2019 ਦੀਆਂ ਚੋਣਾਂ ਵਿਚ ਐਨ ਡੀ ਪੀ ਕ੍ਰਿਸ਼ਮਾ ਨਾ ਵਿਖਾ ਸਕੀ ਤੇ ਮੁੜ ਕੰਸਰਵੇਟਿਵ ਪਾਰਟੀ ਸੱਤਾ ਵਿਚ ਪਰਤ ਆਈ। ਕੈਨੇਡੀਅਨ ਸਿਆਸਤ ਦੇ ਤੇਜ਼ ਤਰਾਰ ਆਗੂ ਜੇਸਨ ਕੈਨੀ ਵਲੋਂ ਪ੍ਰਾਂਤਕ ਸਿਆਸਤ ਵਿਚ ਸਰਗਰਮ ਹੋਣ ਉਪੰਰਤ ਉਹਨਾਂ ਨੇ ਪਾਰਟੀ ਨੂੰ ਵਾਈਲਡਰੋਜ਼ ਪਾਰਟੀ ਵਿਚ ਵਿਲੀਨ ਕਰਦਿਆਂ ਇਸਨੂੰ ਯੁਨਾਈਟਡ ਕੰਸਰਵੇਟਿਵ ਪਾਰਟੀ ਬਣਾ ਲਿਆ। ਪਰ ਏਕਤਾ ਦੇ ਬਾਵਜੂਦ ਜੇਸਨ ਕੈਨੀ ਆਪਣੀ ਲੋਕ ਪ੍ਰਿਯਤਾ ਬਰਕਰਾਰ ਨਾ ਰੱਖ ਸਕੇ ਤੇ ਉਹਨਾਂ ਦੇ ਅਸਤੀਫਾ ਦੇਣ ਉਪਰੰਤ ਪਾਰਟੀ ਦੀ ਵਾਗਡੋਰ ਡੈਨੀਅਲ ਸਮਿਥ ਦੇ ਹੱਥ ਆ ਗਈ। ਹੁਣ ਇਹ ਚੋਣ ਉਹਨਾਂ ਦੀ ਅਗਵਾਈ ਹੇਠ ਲੜੀ ਜਾ ਰਹੀ ਹੈ। ਪਿਛਲੇ ਦਿਨੀਂ ਚੋਣ ਸਰਵੇਖਣਾਂ ਵਿਚ ਦੋਵਾਂ ਪਾਰਟੀਆਂ ਵਿਚਾਲੇ ਗਹਿਗੱਚ ਮੁਕਾਬਲਾ ਦਿਖਾਇਆ ਜਾ ਰਿਹਾ ਹੈ। ਜੇ ਇਕ ਸਰਵੇਖਣ ਏਜੰਸੀ ਐਨ ਡੀਪੀ ਨੂੰ ਅੱਗੇ ਵਿਖਾ ਰਹੀ ਹੈ ਤਾਂ ਦੂਸਰੀ ਯੂ ਸੀ ਪੀ ਨੂੰ। ਇਕ ਤਾਜਾ ਸਰਵੇਖਣ ਵਿਚ ਯੂ ਸੀ ਪੀ ਨੇ ਪੰਜ ਕੁ ਪੁਆਇੰਟ ਨਾਲ ਬੜ੍ਹਤ ਹਾਸਲ ਕਰ ਲਈ ਹੈ ਜਦੋਂਕਿ ਐਨ ਡੀ ਪੀ ਦਾ ਐਡਮਿੰਟਨ ਵਿਚ ਦਬਦਬਾ ਕਾਇਮ ਹੈ। ਕੈਨੇਡੀਅਨ ਸਿਆਸਤ ਵਿਚ ਪ੍ਰਮੁੱਖ ਪਾਰਟੀਆਂ ਦੇ ਲੀਡਰਾਂ ਵਿਚਾਲੇ ਵੱਖ ਵੱਖ ਮੁੱਦਿਆਂ ਉਪਰ ਬਹਿਸ ਅਤੇ ਪਹੁੰਚ ਦਾ ਵੋਟਰਾਂ ਉਪਰ ਖਾਸਾ ਪ੍ਰਭਾਵ ਮੰਨਿਆ ਜਾਂਦਾ ਹੈ। ਡਾਵਾਂਡੋਲ ਵੋਟਰ, ਲੀਡਰਾਂ ਦੀ ਬਹਿਸ ਵਿਚਲੇ ਨਿਤਾਰੇ ਨੂੰ ਆਧਾਰ ਬਣਾਕੇ ਹੀ ਵੋਟ ਕਰਨ ਦਾ ਮਨ ਬਣਾਉਂਦੇ ਹਨ। ਅਲਬਰਟਾ ਚੋਣਾਂ ਵਿਚ ਦੋਵਾਂ ਲੀਡਰਾਂ ਵਿਚਾਲੇ ਬਹਿਸ ਦੀ ਉਡੀਕ ਬੜੀ ਬੇਸਬਰੀ ਨਾਲ ਕੀਤੀ ਜਾ ਰਹੀ ਸੀ। ਬੀਤੀ 18 ਮਈ ਨੂੰ ਦੋਵਾਂ ਆਗੂਆਂ ਵਿਚਾਲੇ ਹੋਈ ਬਹਿਸ ਬਾਰੇ ਮਾਹਿਰਾਂ ਦੀ ਰਾਇ ਹੈ ਕਿ ਦੋਵੇਂ ਲੀਡਰ ਰੇਚਲ ਨੋਟਲੀ ਤੇ ਡੈਨੀਅਲ ਸਮਿਥ ਨੇ ਭਾਵੇਂ ਕਿ ਆਪੋ ਆਪਣਾ ਵਿਜਨ ਪ੍ਰਭਾਵਸ਼ਾਲੀ ਨਾਲ ਢੰਗ ਨਾਲ ਲੋਕਾਂ ਸਾਹਮਣੇ ਰੱਖਣ ਦਾ ਯਤਨ ਕੀਤਾ ਪਰ ਇਹ ਬਹਿਸ ਅਜਿਹੀ ਰਹੀ ਕਿ ਕਿਸੇ ਵੀ ਆਗੂ ਨੂੰ ਸਪੱਸ਼ਟ ਜੇਤੂ ਐਲਾਨਣਾ ਕਾਫੀ ਮੁਸ਼ਕਲ ਭਰਿਆ ਹੈ। ਇਸ ਬਹਿਸ ਦੌਰਾਨ ਰੇਡੀਓ ਹੋਸਟ ਤੇ ਪੱਤਰਕਾਰ ਰਹੀ ਡੈਨੀਅਲ ਸਮਿਥ ਨੇ ਬਹਿਸਬਾਜੀ ਵਿਚ ਮਾਹਿਰ ਮੰਨੀ ਜਾਂਦੀ ਰੇਚਲ ਨੋਟਲੀ ਨੂੰ ਆਪਣੇ ਉਪਰ ਹਾਵੀ ਨਹੀ ਹੋਣ ਦਿੱਤਾ ਬਲਕਿ ਆਪਣੀ ਪਾਰਟੀ ਤੇ ਸਰਕਾਰ ਦੀਆਂ ਨੀਤੀਆਂ ਤੇ ਚੋਣ ਵਾਅਦਿਆਂ ਨੂੰ ਮਜ਼ਬੂਤੀ ਤੇ ਪੂਰੇ ਵਿਸ਼ਵਾਸ ਨਾਲ ਪੇਸ਼ ਕੀਤਾ। ਉਹਨਾਂ ਕਾਰਪੋਰਟ ਟੈਕਸਾਂ ਵਿਚ ਵਾਧਾ ਨਾ ਕਰਨ, ਅਫੋਰਡੇਬਿਲਟੀ, ਬੁਨਿਆਦੀ ਢਾਂਚੇ ਅਤੇ ਸੂਬੇ ਦੀ ਆਰਥਿਕਤਾ ਨੂੰ ਮਜ਼ਬੂਤ ਬਣਾਉਣ ਲਈ ਪਾਰਟੀ ਨੀਤੀਆਂ ਦਾ ਖੁਲਾਸਾ ਕਰਨ ਦੇ ਨਾਲ ਸਿਹਤ ਸੇਵਾਵਾਂ ਸੰਬੰਧੀ ਕੀਤੇ ਜਾ ਰਹੇ ਗਲਤ ਪ੍ਰਚਾਰ ਨੂੰ ਝੁਠਲਾਇਆ। ਉਹਨਾਂ ਸਿਹਤ ਸਹੂਲਤਾਂ ਨੂੰ ਪਬਲਿਕ ਫੰਡਿਡ ਪ੍ਰਣਾਲੀ ਤਹਿਤ ਬਣਾਈ ਰੱਖਣ ਦੇ ਨਾਲ ਹਰ ਇਕ ਅਲਬਰਟਨ ਦੀ ਫੈਮਲੀ ਡਾਕਟਰ ਤੱਕ ਸੌਖਾਲੀ ਪਹੁੰਚ ਬਣਾਉਣ ਦਾ ਵਾਅਦਾ ਕੀਤਾ। ਦੋਵਾਂ ਨੇਤਾਵਾਂ ਨੇ ਪ੍ਰੀਮੀਅਰ ਦੇ ਤੌਰ 'ਤੇ ਇਕ ਦੂਸਰੇ ਦੇ ਕਾਰਜਕਾਲ 'ਤੇ ਹਮਲਾ ਕਰਨ ਵਿਚ ਕਾਫੀ ਸਮਾਂ ਗੰਵਾਇਆ। ਸਮਿਥ ਨੇ ਅਫੋਰਡੇਬਿਲਟੀ ਅਤੇ ਨਸ਼ਿਆਂ ਨਾਲ ਨਜਿੱਠਣ ਲਈ ਸਹਾਇਤਾ ਵਾਲੀਆਂ ਨੀਤੀਆਂ ਨੂੰ ਮੁੜ ਦੁਹਰਾਇਆ। ਬਹਿਸ ਦੌਰਾਨ ਆਪਣੀਆਂ ਸਮਾਪਤੀ ਟਿੱਪਣੀਆਂ ਵਿਚ ਸਮਿਥ ਨੇ ਕਿਹਾ ਕਿ ਜੇਕਰ ਦੁਬਾਰਾ ਚੁਣੀ ਗਈ ਤਾਂ ਮੇਰੀ ਵਚਨਬੱਧਤਾ ਹੈ ਕਿ ਉਹ ਆਪਣੀ ਪੂਰੀ ਸਮਰੱਥਾ ਨਾਲ ਲੋਕ ਸੇਵਾ ਕਰੇਗੀ ਜਦੋਂਕਿ ਰੇਚਲ ਨੋਟਲੀ ਨੇ ਉਹਨਾਂ ਦੇ ਸਾਰੇ ਦਾਅਵਿਆਂ ਤੇ ਵਾਅਦਿਆਂ ਨੂੰ ਵਿਸ਼ਵਾਸਯੋਗ ਨਾ ਹੋਣ ਅਤੇ ਡੈਨੀਅਲ ਸਮਿਥ ਦੀ ਭਰੋਸੇਯੋਗਤਾ ਤੇ ਸਵਾਲ ਚੁੱਕੇ। ਮਾਹਿਰਾਂ ਦਾ ਮੰਨਣਾ ਹੈ ਕਿ ਇਕ ਦੂਸਰੇ ਨੂੰ ਕੁਝ ਪ੍ਰੇਸ਼ਾਨ ਕਰਨ ਵਾਲੀ ਚਰਚਾ ਦੇ ਬਾਵਜੂਦ ਨਿਸ਼ਚਤ ਰੂਪ ਵਿਚ ਕਿਸੇ ਵੀ ਨੇਤਾ ਦਾ ਹੱਥ ਉੱਪਰ ਨਹੀਂ ਰਿਹਾ। ਮਾਊਂਟ ਰਾਇਲ ਯੂਨੀਵਰਸਿਟੀ ਵਿਖੇ ਰਾਜਨੀਤੀ ਵਿਗਿਆਨ ਦੀ ਪ੍ਰੋਫੈਸਰ ਲੌਰੀ ਵਿਲੀਅਮਜ਼ ਨੇ ਕਿਹਾ ਕਿ ਮੈਨੂੰ ਕੋਈ ਸਪੱਸ਼ਟ ਜੇਤੂ ਨਹੀਂ ਲੱਗਾ। ਵਿਲੀਅਮਜ਼ ਨੇ ਕਿਹਾ ਕਿ ਸਮਿਥ ਨੇ ਮਜ਼ਬੂਤ ਸ਼ੁਰੂਆਤ ਕੀਤੀ ਪਰ ਬਹਿਸ ਦੇ ਅਣਲਿਖਤ ਹਿੱਸਿਆਂ ਵਿਚ ਸੰਘਰਸ਼ ਕੀਤਾ ਅਤੇ ਨੋਟਲੀ ਦੋਚਿਤੀ ਵਾਲੇ ਵੋਟਰਾਂ ਨੂੰ ਅਪੀਲ ਕਰਨ ਲਈ ਸਮਿਥ ਦੀਆਂ ਗਲਤੀਆਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਉਜਾਗਰ ਨਹੀਂ ਕਰ ਸਕੀ। ਉਨਾਂ ਯਾਦ ਕਰਾਇਆ ਕਿ ਨੋਟਲੀ ਨੇ 2015 ਵਿਚ ਜਿਮ ਪ੍ਰੈਂਟਸ ਨਾਲ ਬਹਿਸ ਦੌਰਾਨ ਜੋ ਜਲਵਾ ਵਿਖਾਇਆ ਸੀ, ਇਸ ਬਹਿਸ ਦੌਰਾਨ ਉਹ ਆਪਣੇ ਵੋਟਰਾਂ ਤੇ ਸਪੋਰਟਰਾਂ ਦੀ ਉਮੀਦ ਮੁਤਾਬਿਕ ਧੱਕ ਨਾ ਪਾ ਸਕੀ। ਕੁਲ ਮਿਲਾਕੇ ਦੋਵਾਂ ਲੀਡਰਾਂ ਵਿਚਾਲੇ ਇਹ ਬਹਿਸ ਇਹ ਫੈਸਲਾ ਕਰਨ ਲਈ ਕਾਫੀ ਨਹੀ ਕਿ ਕਿਸ ਆਗੂ ਦੀ ਅਗਵਾਈ ਵਿਚ ਨਵੀਂ ਸਰਕਾਰ ਬਣਨ ਵਾਲੀ ਹੈ। ਦੋਵਾਂ ਪਾਰਟੀਆਂ ਦੇ ਸਮਰਥਕ ਤੇ ਕਾਰਕੁੰਨ ਇਹ ਤਸੱਲੀ ਰੱਖ ਸਕਦੇ ਹਨ ਕਿ ਉਹਨਾਂ ਦੀ ਆਗੂ ਬਹਿਸ ਵਿਚ ਹਾਰੀ ਨਹੀ।





**ਪੰਜਾਬੀ ਉਮੀਦਵਾਰ**

ਇਹਨਾਂ ਚੋਣਾਂ ਵਿਚ ਦੋਵਾਂ ਪਾਰਟੀਆਂ ਨੇ ਪੰਜਾਬੀ ਮੂਲ ਦੇ ਉਮੀਦਵਾਰਾਂ ਨੂੰ ਬਰਾਬਰ ਮੌਕੇ ਪ੍ਰਦਾਨ ਕੀਤੇ ਹਨ। ਐਨ ਡੀ ਪੀ ਅਤੇ ਯੂ ਸੀ ਪੀ ਦੋਵਾਂ ਪਾਰਟੀਆਂ ਦੇ ਬੈਨਰ ਹੇਠ 9-9 ਪੰਜਾਬੀ ਉਮੀਦਵਾਰ ਮੈਦਾਨ ਵਿਚ ਹਨ। ਬਹੁਗਿਣਤੀ ਹਲਕਿਆਂ ਵਿਚ ਪੰਜਾਬੀ ਉਮੀਦਵਾਰ ਦਾ ਮੁਕਾਬਲਾ ਪੰਜਾਬੀ ਉਮੀਦਵਾਰ ਨਾਲ ਹੀ ਹੈ। ਕੁਝ ਹਲਕਿਆਂ ਵਿਚ ਪਾਰਟੀ ਨੌਮੀਨੇਸ਼ਨ ਹਾਰਨ ਵਾਲੇ ਪੰਜਾਬੀ ਸਿਆਸਤਦਾਨਾਂ ਵਲੋਂ ਆਪਣੀ ਪਾਰਟੀ ਦੇ ਉਮੀਦਵਾਰਾਂ ਦੀ ਵਿਰੋਧਤਾ ਦੀਆਂ ਖਬਰਾਂ ਪੰਜਾਬੀ ਚਰਿਤਰ ਉਪਰ ਸਵਾਲੀਆ ਨਿਸ਼ਾਨ ਲਗਾਉਣ ਵਾਲੀਆਂ ਹਨ। ਨਿੱਜੀ ਵਿਰੋਧਤਾ ਵਿਚ ਪਾਰਟੀ ਨੀਤੀਆਂ ਜਾਂ ਪਾਰਟੀ ਨਾਲ ਪ੍ਰਤੀਬਧਤਾ ਦੀ ਘਾਟ ਪੰਜਾਬੀ ਸਿਆਸਤ ਦਾ ਦੁਖਦਾਈ ਪਹਿਲੂ ਹੈ। ਬਾਵਜੂਦ ਇਸਦੇ ਕੋਈ ਜਿੱਤੇ ਜਾਂ ਹਾਰੇ ਲੈਜਿਸਲੇਚਰ ਵਿਚ ਪੰਜਾਬੀ ਮੂਲ ਦੇ ਉਮੀਦਵਾਰਾਂ ਦੀ ਪ੍ਰਤੀਨਿਧਤਾ ਜਿਕਰਯੋਗ ਰਹੇਗੀ। ਹਾਲ ਦੀ ਘੜੀ ਸਭ ਨੂੰ ਸ਼ੁਭਕਾਮਨਾਵਾਂ।



# ਸਰੀ ਵਿਚ ਪ੍ਰਸਿੱਧ ਸਾਹਿਤਕਾਰ ਡਾ. ਗੁਰਬਖ਼ਸ਼ ਸਿੰਘ ਭੰਡਾਲ ਅਤੇ ਗਾਇਕ ਰੋਮੀ ਰੰਜਨ ਨਾਲ ਵਿਸ਼ੇਸ਼ ਮਿਲਣੀ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਅਮਰੀਕਾ ਤੋਂ ਆਏ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਡਾ. ਗੁਰਬਖ਼ਸ਼ ਸਿੰਘ ਭੰਡਾਲ ਅਤੇ ਪੰਜਾਬ ਤੋਂ ਆਏ ਗਾਇਕ ਰੋਮੀ ਰੰਜਨ ਨਾਲ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਵਿਚ ਵਿਸ਼ੇਸ਼ ਸਾਹਿਤਕ ਮਿਲਣੀ ਰਚਾਈ ਗਈ। ਮਿਲਣੀ ਦੀ ਸ਼ੁਰੂਆਤ ਕਰਦਿਆਂ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਮੰਚ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮੰਚ ਗੁਰੂ ਨਾਨਕ ਜੀ ਦੇ ਕਥਨ 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ' ਮੁਤਾਬਿਕ ਸੰਵਾਦ ਪਰੰਪਰਾ ਜਾਰੀ ਰੱਖਣ ਲਈ ਗਤੀਸ਼ੀਲ ਹੈ। ਮੰਚ ਵੱਲੋਂ ਹਰ ਖੇਤਰ ਦੀਆਂ ਉੱਘੀਆਂ ਸ਼ਖ਼ਸੀਅਤਾਂ ਦਾ ਬਿਨਾਂ ਕਿਸੇ ਵਿਚਾਰਧਾਰਕ ਵਖਰੇਵੇਂ ਤੋਂ ਹਾਰਦਿਕ ਸਵਾਗਤ ਕੀਤਾ ਜਾਂਦਾ ਹੈ। ਮੀਟਿੰਗ ਦੇ ਸੰਚਾਲਕ ਸ਼ਾਇਰ ਮੋਹਨ ਗਿੱਲ ਨੇ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੇ ਅਧਿਆਪਨ ਅਤੇ ਸਾਹਿਤਕ ਕਾਰਜ ਬਾਰੇ ਵਿਸ਼ੇਸ਼ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਡਾ. ਭੰਡਾਲ ਪੰਜਾਬ ਵਿਚ ਕਾਲਜ ਵਿਦਿਆਰਥੀਆਂ ਨੂੰ ਲਗਾਤਾਰ 30 ਸਾਲ ਗਿਆਨ ਦਾ ਚਾਨਣ ਵੰਡਣ ਤੋਂ ਬਾਅਦ ਪਿਛਲੇ 7 ਸਾਲ ਤੋਂ ਅਮਰੀਕਾ ਵਿਚ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਗਿਆਨ ਪ੍ਰਦਾਨ ਕਰ ਰਹੇ ਹਨ। ਡਾ. ਭੰਡਾਲ ਨੇ ਆਪਣੀ ਗੱਲਬਾਤ ਸ਼ੁਰੂ ਕਰਦਿਆਂ ਕਿਹਾ ਕਿ ਅਕਸਰ ਹਰੇਕ ਬੰਦਾ ਸੁਪਨਾ ਲੈਂਦਾ ਹੈ ਅਤੇ ਜੇਕਰ ਇਹ ਸੁਪਨਾ ਟੁੱਟ ਜਾਵੇ ਤਾਂ ਇਸ ਦੀ ਚੀਸ ਨੂੰ ਹਰ ਵਿਅਕਤੀ ਆਪਣੀ ਸੋਚ ਅਤੇ ਸੂਝ ਅਨੁਸਾਰ ਲੈਂਦਾ ਹੈ। ਕੋਈ ਇਸ ਚੀਸ ਨੂੰ ਆਪਣੀ ਸਮਰੱਥਾ ਬਣਾ ਕੇ ਅੱਗੇ ਵਧਦਾ ਹੈ ਅਤੇ ਕੋਈ ਇਸ ਚੀਸ ਵਿਚ ਹੀ ਫਸਿਆ ਰਹਿੰਦਾ ਹੈ। ਉਨ੍ਹਾਂ ਕਾਲਜ ਵਿਚ ਸਾਇੰਸ ਦੇ ਵਿਸ਼ੇ ਵਿਚ ਆਪਣਾ ਸੁਪਨਾ ਟੁੱਟ ਜਾਣ 'ਤੇ ਆਪਣੇ ਬਾਪ ਦੀਆਂ ਅੱਖਾਂ ਵਿਚ ਦੇਖੀ ਨਮੀ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਨ੍ਹਾਂ ਆਪਣੇ ਪਿਤਾ ਦੇ ਹੰਝੂ ਦਾ ਮੁੱਲ ਮੋੜਣ ਲਈ ਸਿੱਖਿਆ ਦੇ ਖੇਤਰ ਵਿਚ ਉੱਚੀ ਤੋਂ ਉੱਚੀ ਡਿਗਰੀ ਲੈਣ ਦਾ ਨਿਸ਼ਚਾ ਕੀਤਾ ਅਤੇ 40 ਸਾਲ ਆਪਣੇ ਸੁਪਨੇ ਦਾ ਪਿੱਛਾ ਕਰਕੇ ਸਫਲਤਾ ਹਾਸਲ ਕੀਤੀ। ਆਪਣੀ ਸਿਰਜਣ ਪ੍ਰਕਿਰਿਆ ਬਾਰੇ ਦੱਸਿਆ ਕਿ ਉਨ੍ਹਾਂ ਨੂੰ ਲਿਖਣ ਦਾ ਚੈਲਿੰਜ ਗੌਰਮਿੰਟ ਕਾਲਜ ਹੁਸ਼ਿਆਰਪੁਰ ਤੋਂ ਮਿਲਿਆ। ਉਨ੍ਹਾਂ ਦਾ ਵਿਸ਼ੇਸ਼ ਫੋਕਸ ਹੁੰਦਾ ਹੈ ਕਿ ਕੁਝ ਨਿਵੇਕਲਾ ਲਿਖਿਆ ਜਾਵੇ। ਉਨ੍ਹਾਂ ਇਸ ਸਬੰਧੀ ਆਪਣੀਆਂ ਕੁਝ ਰਚਨਾਵਾਂ ਦੀਆਂ ਉਦਾਹਰਣਾਂ ਵੀ ਦਿੱਤੀਆਂ ਅਤੇ ਆਪਣੀਆਂ ਦੋ ਕਵਿਤਾਵਾਂ ਵੀ ਸੁਣਾਈਆਂ। ਉਨ੍ਹਾਂ ਵਿਦੇਸ਼ਾਂ ਵਿਚ ਵਸੇ ਪੰਜਾਬੀਆਂ ਦੀ ਗੱਲ ਕਰਦਿਆਂ ਕਿਹਾ ਕਿ ਅਸੀਂ ਵਿਕਸਤ ਮੁਲਕਾਂ ਵਿਚ ਆ ਕੇ ਕੁਝ ਖੇਤਰਾਂ ਵਿਚ ਵੱਡੀਆਂ ਮੱਲਾਂ ਮਾਰੀਆਂ ਹਨ, ਮਹਿਲਨੁਮਾ ਘਰ ਵੀ ਉਸਾਰ ਲਏ ਹਨ ਪਰ ਆਪਣੇ ਬੱਚਿਆਂ ਨੂੰ ਉੱਚ ਵਿਦਿਆ ਦਿਵਾਉਣ ਵਿਚ ਅਸੀਂ ਬਹੁਤ ਪਛੜੇ ਹਾਂ। ਕੈਨੇਡਾ, ਅਮਰੀਕਾ ਵਿਚ ਸਾਡੇ ਭਾਈਚਾਰੇ ਦੇ ਵੱਡੇ ਵੱਡੇ ਕਾਰੋਬਾਰ ਹਨ, ਰਾਜਨੀਤੀ ਵਿਚ ਵੱਡੇ ਪੱਧਰ ਤੇ ਸ਼ਮੂਲੀਅਤ ਕਰ ਲਈ ਹੈ ਪਰ ਦੁੱਖ ਦੀ ਗੱਲ ਹੈ ਕਿ ਅਸੀਂ ਡੈਂਟਲ ਸਰਜਨ, ਅੱਖਾਂ ਦੇ ਮਾਹਿਰ ਅਤੇ ਹੋਰ ਵੱਡੇ ਡਾਕਟਰ ਆਪਣੀ ਕਮਿਊਨਿਟੀ ਵਿੱਚੋਂ ਪੈਦਾ ਨਹੀਂ ਕਰ ਸਕੇ ਅਤੇ ਨਾ ਹੀ ਸਰਕਾਰੀ ਖੇਤਰ ਦੀਆਂ ਨੌਕਰੀਆਂ ਵਿਚ ਸਾਡੀ ਕੋਈ ਖਾਸ ਪ੍ਰਾਪਤੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉੱਚ ਵਿਦਿਆ ਅਤੇ ਸਰਕਾਰੀ ਖੇਤਰਾਂ ਵਿਚ ਆਪਣੀ ਭਾਈਵਾਲੀ ਤੋਂ ਬਗ਼ੈਰ ਆਪਣੇ ਭਾਈਚਾਰੇ ਲਈ ਸਰਕਾਰਾਂ ਤੋਂ ਕੋਈ ਬਹੁਤੀ ਆਸ ਨਹੀਂ ਕੀਤੀ ਜਾ ਸਕਦੀ। ਗਾਇਕ ਰੋਮੀ ਰੰਜਨ ਨੇ ਆਪਣੀ ਗਾਇਕੀ ਬਾਰੇ ਗੱਲ ਕੀਤੀ ਅਤੇ ਸੁਰੀਲੀ ਆਵਾਜ਼ ਵਿਚ ਤਿੰਨ ਗੀਤ ਵੀ ਸੁਣਾ ਕੇ ਆਪਣੀ ਸਾਫ ਸੁਥਰੀ ਗਾਇਕੀ ਦਾ ਮੁਜ਼ਾਹਰਾ ਕੀਤਾ। ਇਸ ਮਿਲਣੀ ਸਮੇਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਅੰਗਰੇਜ਼ ਸਿੰਘ ਬਰਾੜ, ਭੁਪਿੰਦਰ ਮੱਲ੍ਹੀ, ਹਰਦਮ ਸਿੰਘ ਮਾਨ, ਕਾਮਰੇਡ ਨਵਰੂਪ ਸਿੰਘ, ਡਾ. ਸੁਖਵਿੰਦਰ ਸਿੰਘ ਵਿਰਕ, ਡਾ. ਚਰਨਜੀਤ ਸਿੰਘ, ਅਮਨ ਸੀ ਸਿੰਘ, ਬਿੰਦੂ ਮਠਾੜੂ ਅਤੇ ਸੰਕੇਤ ਹਾਜਰ ਸਨ। ਇਸ ਮੌਕੇ ਪ੍ਰਿੰ. ਰਣਜੀਤ ਕੌਰ ਵੱਲੋਂ ਡਾ. ਗੁਰਬਖਸ਼ ਸਿੰਘ ਦੀਆਂ ਚੋਣਵੀਆਂ ਰਚਨਾਵਾਂ ਦੀ ਸੰਪਾਦਿਤ ਕੀਤੀ ਗਈ ਪੁਸਤਕ 'ਸੁੱਚੇ ਸ਼ਬਦ' ਵੀ ਰਿਲੀਜ਼ ਕੀਤੀ ਗਈ।








# 'ਅਜੀਤ' ਦੇ ਸਮਾਚਾਰ ਸੰਪਾਦਕ ਅਵਤਾਰ ਸਿੰਘ ਸ਼ੇਰਗਿੱਲ ਦਾ ਸਰੀ ਵਿਚ ਸਨਮਾਨ



ਸਰੀ-ਬੀਤੇ ਦਿਨ ਪੰਜਾਬ ਤੋਂ ਕੈਨੇਡਾ ਦੌਰੇ ਤੇ ਆਏ ਰੋਜ਼ਾਨਾ ਅਜੀਤ ਜਲੰਧਰ ਦੇ ਸਮਾਚਾਰ ਸੰਪਾਦਕ ਸ ਅਵਤਾਰ ਸਿੰਘ ਸ਼ੇਰਗਿੱਲ ਦਾ ਕੈਨੇਡੀਅਨ ਪੰਜਾਬੀ ਕਲਚਰਲ ਐਸੋਸੀਏਸ਼ਨ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਐਸੋਸੀਏਸ਼ਨ ਦੇ ਪ੍ਰਧਾਨ ਸ ਸੁਰਜੀਤ ਸਿੰਘ ਮਾਧੋਪੁਰੀ ਤੇ ਜਨਰਲ ਸਕੱਤਰ ਸ ਪ੍ਰਿਤਪਾਲ ਸਿੰਘ ਗਿੱਲ ਵਲੋਂ ਯੌਰਕ ਸੈਂਟਰ ਸਰੀ ਵਿਖੇ ਆਯੋਜਿਤ ਇਕ ਮਿਲਣੀ ਦੌਰਾਨ ਉਘੇ ਬਿਜਨੈਸਮੈਨ ਤੇ ਪੰਜਾਬ ਭਵਨ ਸਰੀ ਦੇ ਸੰਚਾਲਕ ਸ੍ਰੀ ਸੁੱਖੀ ਬਾਠ, ਮੌਂਡੀ ਢੇਸਾ ਤੇ ਪ੍ਰੋ ਪ੍ਰਿਥੀਪਾਲ ਸਿੰਘ ਸੋਹੀ ਵਿਸ਼ੇਸ਼ ਰੂਪ ਵਿਚ ਸ਼ਾਮਿਲ ਹੋਏ। ਇਸ ਮੌਕੇ ਸ ਅਵਤਾਰ ਸਿੰਘ ਨਾਲ ਪੰਜਾਬ ਦੇ ਮੌਜੂਦਾ ਹਾਲਾਤ, ਸਮਾਜਿਕ, ਆਰਥਿਕ ਤੇ ਸਿਆਸੀ ਵਿਸ਼ਿਆਂ ਉਪਰ ਚਰਚਾ ਕਰਦਿਆਂ ਨੌਜਵਾਨ ਪੀੜ੍ਹੀ ਦੇ ਵਿਦੇਸ਼ਾਂ ਵੱਲ ਵੱਡੇ ਪੱਧਰ ਤੇ ਪ੍ਰਵਾਸ ਅਤੇ ਪੰਜਾਬ ਨੂੰ ਵਰਤਮਾਨ ਤੇ ਭਵਿੱਖ ਦੀਆਂ ਚੁਣੌਤੀਆਂ ਉਪਰ ਵਿਚਾਰ ਸਾਂਝੇ ਕੀਤੇ ਗਏ। ਉਹਨਾਂ ਵੱਖ ਵੱਖ ਵਿਦਵਾਨ ਦੋਸਤਾਂ ਵਲੋਂ ਕੀਤੀਆਂ ਗਈਆਂ ਟਿਪਣੀਆਂ ਉਪਰ ਆਪਣੇ ਵਿਚਾਰ ਪ੍ਰਗਟ ਕਰਦਿਆਂ ਰੋਜ਼ਾਨਾ ਅਜੀਤ ਦੇ ਮੁੱਖ ਸੰਪਾਦਕ ਸ ਬਰਜਿੰਦਰ ਸਿੰਘ ਹਮਦਰਦ ਵਲੋਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਸਮਰਪਿਤ ਪੱਤਰਕਾਰੀ ਦੀ ਸੁਚੱਜੀ ਅਗਵਾਈ ਦਾ ਜਿਕਰ ਕਰਦਿਆਂ ਕਿਹਾ ਕਿ ਉਹ ਪਰਵਾਸੀ ਪੰਜਾਬੀਆਂ ਦੀਆਂ ਪੰਜਾਬ ਪ੍ਰਤੀ ਚਿੰਤਾਵਾਂ ਨੂੰ ਉਹਨਾਂ ਤੱਕ ਪਹੁੰਚਾਉਣ ਦਾ ਯਤਨ ਕਰਨਗੇ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ, ਜਨਰਲ ਸਕੱਤਰ ਪ੍ਰਿਤਪਾਲ ਸਿੰਘ ਸੇਖੋਂ, ਉਘੇ ਚਿੰਤਕ ਪ੍ਰੋ ਪ੍ਰਿਥੀਪਾਲ ਸਿੰਘ ਸੋਹੀ, ਪ੍ਰਿੰਸੀਪਲ ਡਾ ਰਣਜੀਤ ਸਿੰਘ ਪੰਨੂ, ਪ੍ਰੋ ਸੰਧੂ, ਦਰਸ਼ਨ ਸਿੰਘ ਸੰਘਾ, ਮੌਂਡੀ ਢੇਸਾ, ਹਰਜਿੰਦਰ ਸਿੰਘ ਠਾਣਾ, ਸ ਸੁਖਵਿੰਦਰ ਸਿੰਘ ਚੋਹਲਾ ਸੰਪਾਦਕ ਦੇਸ ਪ੍ਰਦੇਸ ਟਾਈਮਜ਼ ਨੇ ਵੀ ਆਪਣੇ ਵਿਚਾਰ ਰੱਖੇ ਤੇ ਸ ਅਵਤਾਰ ਸਿੰਘ ਦੀਆਂ ਪੱਤਰਕਾਰੀ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕੀਤੀ। ਇਸੇ ਦੌਰਾਨ ਇਕ ਹੋਰ ਮੀਟਿੰਗ ਦੌਰਾਨ ਸ ਅਵਤਾਰ ਸਿੰਘ ਸ਼ੇਰਗਿੱਲ ਦਾ ਪੰਜਾਬੀ ਪ੍ਰੈਸ ਕਲੱਬ ਬੀਸੀ ਦੇ ਸਾਬਕਾ ਪ੍ਰਧਾਨ ਡਾ ਗੁਰਵਿੰਦਰ ਸਿੰਘ ਧਾਲੀਵਾਲ, ਪੱਤਰਕਾਰ ਸੁਖਵਿੰਦਰ ਸਿੰਘ ਚੋਹਲਾ, ਸ ਬਲਵੰਤ ਸਿੰਘ ਰੁਪਾਲ ਤੇ ਸ ਸੰਦੀਪ ਸਿੰਘ ਧੰਜੂ ਸਰੀ ਪ੍ਰਤੀਨਿਧ ਰੋਜ਼ਾਨਾ ਅਜੀਤ ਵਲੋਂ ਸਵਾਗਤ ਕੀਤਾ ਗਿਆ ਤੇ ਕੌਫੀ ਟੇਬਲ ਦੀ ਸਾਂਝ ਦੌਰਾਨ ਵੱਖ-ਵੱਖ ਵਿਸ਼ਿਆਂ ਉਪਰ ਵਿਚਾਰਾਂ ਕੀਤੀਆਂ।


OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty
"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
plus BONUS FREE LEGAL FEE & APPRAISAL
Superior Mortgage
Unit 244-8138-128 Street, Surrey
Our Symbol of Care & Service
604 507 1000

MORE EXPOSURE
MEANS MORE BUSINESS
NO NEED TO GO ANYWHERE
Advertise with us!
LINK
Leading Indo-Canadian Newspaper
Ph: 604.591.5160
www.thelinkpaper.ca • ads@thelinkpaper.ca





# ਕੈਨੇਡੀਅਨ ਰਾਮਗੜੀਆ ਸੁਸਾਇਟੀ ਖ਼ਿਲਾਫ਼ ਬੇਨਿਯਮੀਆਂ ਦੇ ਦੋਸ਼

## ਸਾਬਕਾ ਜਨਰਲ ਸਕੱਤਰ ਮਨਜੀਤ ਸਿੰਘ ਪਨੇਸਰ ਤੇ ਜਸਵੰਤ ਸਿੰਘ ਸੱਗੂ ਵਲੋਂ ਮੀਡੀਆ ਤੱਕ ਪਹੁੰਚ

ਸਰੀ-ਕੈਨੇਡੀਅਨ ਰਾਮਗੜੀਆ ਸੁਸਾਇਟੀ ਦੇ ਮੈਂਬਰ ਤੇ ਸਾਬਕਾ ਜਨਰਲ ਸਕੱਤਰ ਮਨਜੀਤ ਸਿੰਘ ਪਨੇਸਰ, ਜਸਵੰਤ ਸਿੰਘ ਸੱਗੂ ਤੇ ਪਰਮਜੀਤ ਸਿੰਘ ਪਨੇਸਰ ਨੇ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੈਨੇਡੀਅਨ ਰਾਮਗੜੀਆ ਸੁਸਾਇਟੀ ਤੇ ਗੁਰਦੁਆਰਾ ਬਰੁੱਕਸਾਈਡ ਸਰੀ ਦੇ ਪ੍ਰਧਾਨ, ਸਾਬਕਾ ਪ੍ਰਧਾਨ ਅਤੇ ਬੋਰਡ ਡਾਇਰੈਕਟਰਾਂ ਖਿਲਾਫ ਸੁਸਾਇਟੀ ਦੇ ਸੰਵਿਧਾਨ ਦੀ ਉਲੰਘਣਾ ਕਰਨ, ਮੈਂਬਰਾਂ ਨੂੰ ਵਿਸ਼ਵਾਸ ਵਿਚ ਲਏ ਬਿਨਾਂ ਮਨਮਰਜੀਆਂ ਕਰਨ ਅਤੇ ਵਿੱਤੀ ਬੇਨਿਯਮੀਆਂ ਦੇ ਦੋਸ਼ ਲਗਾਏ ਹਨ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ ਮਨਜੀਤ ਸਿੰਘ ਪਨੇਸਰ ਨੇ ਕਿਹਾ ਕਿ ਉਹਨਾਂ ਵਲੋਂ ਸੁਸਾਇਟੀ ਦੇ ਸੰਵਿਧਾਨ ਤੇ ਬਾਈਲਾਅਜ਼ ਦੀ ਲਗਾਤਾਰ ਉਲੰਘਣਾ ਕੀਤੇ ਜਾਣ ਸਬੰਧੀ ਕੀਤੀਆਂ ਗਈਆਂ ਸ਼ਿਕਾਇਤਾਂ ਨੂੰ ਪ੍ਰਧਾਨ ਅਤੇ ਬੋਰਡ ਡਾਇਰੈਕਟਰਾਂ ਵਲੋਂ ਅਣਸੁਣਿਆ ਕੀਤਾ ਜਾ ਰਿਹਾ ਹੈ। ਉਹਨਾਂ ਵਲੋਂ ਲਗਾਤਾਰ ਮੰਗ ਕੀਤੀ ਜਾ ਰਹੀ ਹੈ ਕਿ ਬੇਨਿਯਮੀਆਂ ਦੀ ਜਾਂਚ ਅਤੇ ਸ਼ਿਕਾਇਤਾਂ ਦੇ ਹੱਲ ਲਈ ਪੰਜ ਮੈਂਬਰੀ ਸਾਲਸੀ ਕਮੇਟੀ ਗਠਿਤ ਕੀਤੀ ਜਾਵੇ ਪਰ ਉਹਨਾਂ ਦੀ ਕੋਈ ਸੁਣਵਾਈ ਨਹੀ ਕੀਤੀ ਜਾ ਰਹੀ। ਪ੍ਰੈਸ ਕਾਨਫਰੰਸ ਦੌਰਾਨ ਉਹਨਾਂ ਲਿਖਤੀ ਦੋਸ਼ ਪੱਤਰ ਜਾਰੀ ਕਰਦਿਆਂ ਕਿਹਾ ਕਿ ਸੁਸਾਇਟੀ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਅਤੇ ਬੋਰਡ ਆਫ ਡਾਇਰੈਕਟਰਜ਼ ਵਲੋਂ ਕਈ ਬੇਨਿਯਮੀਆਂ ਕੀਤੀਆਂ ਗਈਆਂ ਹਨ ਜਿਹਨਾਂ ਵਿਚ ਅਯੋਗ ਮੈਂਬਰਸ਼ਿਪ, ਅਯੋਗ ਵੋਟਿੰਗ, ਸੁਸਾਇਟੀ ਦੇ ਰਿਕਾਰਡ ਨਾਲ ਛੇੜਛਾੜ , ਗਲਤ ਢੰਗ ਨਾਲ ਮਤੇ ਪਾਸ ਕਰਨ ਅਤੇ ਭਾਈ ਭਤੀਜਾਵਾਦ ਤਹਿਤ ਵਿਰੋਧੀਆਂ ਨੂੰ ਪਾਸੇ ਲਗਾਉਣ ਦੇ ਦੋਸ਼ ਸ਼ਾਮਿਲ ਹਨ। ਇਸ ਦੌਰਾਨ ਉਹਨਾਂ ਨੇ ਸਾਬਕਾ ਪ੍ਰਧਾਨ ਵਲੋਂ ਆਪਣੇ ਇਕ ਦੋਸਤ ਦੀ ਪੁਸਤਕ ਰਾਮਗੜੀਆ ਵਿਰਾਸਤ ਦੀ ਛਪਾਈ ਵਾਸਤੇ 10,000 ਡਾਲਰ ਦੇਣ ਅਤੇ ਗੁਰੂ ਘਰ ਦੇ ਹੈਡ ਗਰੰਥੀ ਦੀ ਤਨਖਾਹ ਵਿਚ ਕਮੇਟੀ ਦੀ ਸਲਾਹ ਤੋਂ ਬਿਨਾਂ ਵੱਡਾ ਵਾਧਾ ਕਰਨ ਅਤੇ ਗਰੰਥੀ ਸਿੰਘ ਤੋ ਨਗਦ ਰੂਪ ਵਿਚ ਪੈਸੇ ਵਾਪਿਸ ਲੈਣ ਦੇ ਅਤਿ ਗੰਭੀਰ ਦੋਸ਼ ਵੀ ਲਗਾਏ ਗਏ। ਉਹਨਾਂ ਇਹ ਸਵਾਲ ਵੀ ਉਠਾਇਆ ਕਿ ਰਾਮਗੜੀਆ ਪੁਸਤਕ ਦੇ ਰਾਈਟਸ ਸੁਸਾਇਟੀ ਨੂੰ ਦੇਣ ਦੀ ਬਿਜਾਏ ਇਕ ਵਿਅਕਤੀ ਵਿਸ਼ੇਸ਼ ਨੂੰ ਕਿਉਂ ਦਿੱਤੇ ਗਏ ਹਨ? ਉਹਨਾਂ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਉਹ ਇਹਨਾਂ ਸ਼ਿਕਾਇਤਾਂ ਦੇ ਹੱਲ ਲਈ ਅੱਜ ਵੀ ਪੰਜ ਮੈਂਬਰੀ ਸਾਲਸੀ ਕਮੇਟੀ ਦੀ ਨਿਯੁਕਤੀ ਕਰਨ ਦੀ ਮੰਗ ਕਰਦੇ ਹਨ ਤੇ ਜੋ ਵੀ ਕਮੇਟੀ ਦਾ ਫੈਸਲਾ ਹੋਵੇਗਾ, ਉਹ ਮੰਨਣ ਲਈ ਪਾਬੰਦ ਹੋਣਗੇ।

### ਸੁਸਾਇਟੀ ਦਾ ਪੱਖ



ਇਸੇ ਦੌਰਾਨ ਰਾਮਗੜੀਆ ਸੁਸਾਇਟੀ ਦੇ ਆਗੂ ਤੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਨਾਲ ਉਕਤ ਮੈਂਬਰਾਂ ਵਲੋਂ ਲਗਾਏ ਗਏ ਦੋਸ਼ਾਂ ਬਾਰੇ ਪੁੱਛੇ ਜਾਣ ਤੇ ਉਹਨਾਂ ਨੇ ਦੱਸਿਆ ਕਿ ਸ ਮਨਜੀਤ ਸਿੰਘ ਪਨੇਸਰ, ਸ ਜਸਵੰਤ ਸਿੰਘ ਸੱਗੂ ਅਤੇ ਉਹਨਾਂ ਦੇ ਸਾਥੀ ਸੁਸਾਇਟੀ ਖਿਲਾਫ ਬੇਨਿਯਮੀਆਂ ਦੇ ਦੋਸ਼ ਲਗਾਕੇ ਅਦਾਲਤ ਤੱਕ ਪਹੁੰਚ ਕਰ ਚੁੱਕੇ ਹਨ। ਸੁਸਾਇਟੀ ਵੱਲੋਂ ਅਦਾਲਤ ਵਿਚ ਸਾਰਾ ਰਿਕਾਰਡ ਅਤੇ ਸਬੂਤ ਪੇਸ਼ ਕਰਨ ਉਪਰੰਤ ਇਹਨਾਂ ਵਲੋਂ ਸੁਸਾਇਟੀ ਖਿਲਾਫ ਕੇਸ ਵਾਪਿਸ ਲੈਣ ਉਪਰੰਤ ਅਦਾਲਤ ਨੇ ਇਹਨਾਂ ਖਿਲਾਫ ਵੱਖ ਵੱਖ ਚਾਰ ਹੁਕਮਾਂ ਤਹਿਤ ਅਦਾਲਤੀ ਖਰਚੇ ਪਾਏ ਹਨ। ਇਹਨਾਂ ਅਦਾਲਤੀ ਹੁਕਮਾਂ ਤਹਿਤ ਮਨਜੀਤ ਸਿੰਘ ਪਨੇਸਰ, ਅਮਰਦੀਪ ਪਨੇਸਰ, ਸਤਨਾਮ ਸਿੰਘ ਰੀਹਲ ਤੇ ਜਸਵੰਤ ਸਿੰਘ ਖਿਲਾਫ 13 ਜਨਵਰੀ 2023 ਦੇ ਦੋ ਹੁਕਮਾਂ ਤਹਿਤ 5579.49 ਡਾਲਰ, 7914.49 ਡਾਲਰ, 24 ਨਵੰਬਰ 2020 ਦੇ ਹੁਕਮਾਂ ਤਹਿਤ 18,080 ਡਾਲਰ, 21 ਅਕਤੂਬਰ 2019 ਦੇ ਹੁਕਮਾਂ ਤਹਿਤ 9519.20 ਡਾਲਰ ਜੁਰਮਾਨੇ ਲਗਾਏ ਗਏ ਹਨ। ਅਦਾਲਤ ਵਲੋਂ ਇਸ ਰਕਮ ਦੀ ਵਸੂਲੀ ਲਈ ਸੁਸਾਇਟੀ ਨੂੰ ਅਧਿਕਾਰ ਦਿੱਤੇ ਗਏ ਹਨ। ਹੁਣ ਜਦੋਂ ਸੁਸਾਇਟੀ ਨੇ ਇਸ ਖਰਚੇ ਦੀ ਵਸੂਲੀ ਲਈ ਇਹਨਾਂ ਖਿਲਾਫ ਕਾਰਵਾਈ ਆਰੰਭੀ ਹੈ ਤਾਂ ਇਹ ਸੁਸਾਇਟੀ ਨੂੰ ਬਦਨਾਮ ਕਰਨ ਲਈ ਮੀਡੀਆ ਦਾ ਸਹਾਰਾ ਲੈ ਰਹੇ ਹਨ। ਉਹਨਾਂ ਦੱਸਿਆ ਕਿ ਇਹਨਾਂ ਮੈਂਬਰਾਂ ਵਲੋਂ ਸੁਸਾਇਟੀ ਖਿਲਾਫ ਜੋ ਸਵਾਲ ਉਠਾਏ ਹਨ, ਇਸ ਸਬੰਧੀ ਸੁਸਾਇਟੀ ਦੇ ਮੌਜੂਦਾ ਪ੍ਰਧਾਨ ਧਰਮ ਸਿੰਘ ਪਨੇਸਰ ਵਲੋਂ 30 ਅਕਤੂਬਰ 2022 ਦੇ ਇਕ ਪੱਤਰ ਰਾਹੀ ਜਵਾਬ ਦਿੱਤੇ ਜਾ ਚੁੱਕੇ ਹਨ। ਇਸ ਪੱਤਰ ਰਾਹੀਂ ਸਪੱਸ਼ਟ ਕੀਤਾ ਗਿਆ ਸੀ ਕਿ ਰਾਮਗੜੀਆ ਵਿਰਾਸਤ ਪੁਸਤਕ ਦੀ ਛਪਾਈ ਵਾਸਤੇ ਜੋ ਰਾਸ਼ੀ ਦਿੱਤੀ ਗਈ ਉਹ ਸੁਸਾਇਟੀ ਦੀ ਮੀਟਿੰਗ ਵਿਚ ਪਾਸ ਕੀਤੀ ਗਈ ਹੈ ਤੇ ਖਰਚਿਆਂ ਵਿਚ ਪ੍ਰਵਾਨ ਕੀਤੀ ਗਈ ਹੈ। ਉਹਨਾਂ ਹੈਡ ਗਰੰਥੀ ਦੀ ਤਨਖਾਹ ਵਧਾਏ ਜਾਣ ਸਬੰਧੀ ਵੀ ਸਪੱਸ਼ਟ ਕੀਤਾ ਕਿ ਕੋਵਿਡ ਪਾਬੰਦੀਆਂ ਦੌਰਾਨ ਗਰੰਥੀ ਸਿੰਘ ਵਲੋਂ ਸੱਤੇ ਦਿਨ ਬੇਹਤਰੀਨ ਸੇਵਾਵਾਂ ਨਿਭਾਉਣ ਵਾਸਤੇ ਤਨਖਾਹ ਵਿਚ ਵਾਧਾ ਮੈਂਬਰਾਂ ਦੀ ਸਲਾਹ ਨਾਲ ਹੀ ਕੀਤਾ ਗਿਆ ਸੀ।


NAIYA GILL
PROFESSIONAL LAW CORPORATION
*"Each Client Matters"*



- Buying, Selling & Refinance of Real Estate (Residential & Commercial)
- Estate Planning
- Wills, Estates
- Representation Agreements
- Legal Aid · Immigration
- Commercial Lease
- Incorporation of Business
- Corporate Maintenance
- Buying or Selling a Business
- Family Law
- Sponsorship Letters
- Notary
- Power of Attorney

- ਪ੍ਰਾਪਰਟੀ ਖਰੀਦਣ, ਵੇਚਣ ਜਾਂ ਰਿਫਾਇਨਾਂਸ (ਰੈਜ਼ੀਡੈਂਸ਼ਿਅਲ ਅਤੇ ਕਮਰਸ਼ਿਅਲ)
- ਜਾਇਦਾਦ ਦੀ ਪਲੈਨਿੰਗ
- ਵਸੀਅਤ, ਜਾਇਦਾਦ
- ਰਿਪ੍ਰੇਜ਼ੰਨਟੇਸ਼ਨ ਸਮਝੌਤੇ
- ਕਾਨੂੰਨੀ ਸਹਾਇਤਾ
- ਇਮੀਗ੍ਰੇਸ਼ਨ · ਵਪਾਰਕ ਲੀਜ਼
- ਇਨਕਾਰਪੋਰਸ਼ਨ
- ਕਾਰਪੋਰੇਟ ਮੇਨਟੇਨੈਂਸ
- ਕੋਈ ਕਾਰੋਬਾਰ ਖਰੀਦਣਾ ਜਾਂ ਵੇਚਣਾ
- ਫੈਮਿਲੀ ਲਾਅ
- ਸਪਾਂਸਰਸ਼ਿਪ ਲੈਟਰਜ਼
- ਨੌਟਰੀ · ਪਾਵਰ ਆਫ ਅਟਾਰਨੀ

Appointments available in Surrey, White Rock & Abbotsford.
604.771.3089
info@ngplc.ca www.ngplc.ca


Broadcasting Across North America
MULTI CULTURAL
AM 1600/FM 105.3
Vancouver
ਰੇਡੀਓ ਪੰਜਾਬ
Radio Punjab
Sukhdev Singh Dhillon
CEO (Ph) : 604-345-3510
Tony Saini
Sales Manager 778-308-1600
Sarbraj Singh Kahlon
General Manager 604-307-3510
PROGRAMMING
MONDAY - FRIDAY
Gurbani Vichaar
By: Dupinder K Saran
6:00-7:00 AM
The Jaskaran Show
7:00-10:00 AM
Parmvir S Baath
9:00-10:00 AM
The Baljinder K Show
10:00 AM-12:00 PM
Sanjhe Vichaar
By Amrit Bhatti
12:00-2:00 PM
The Lovey Pannu Show
2:00-4:00 PM
Mehak Punjab Di
By Preet Goswami
4:00-5:00 PM
The Paul Brar Show
5:00-8:00 PM
Nazaria
By Arashdeep Singh
8:00-10:00 PM
Vancouver AM1600/Surrey FM105.3
Seattle AM 1250 Fresno AM 1600 Dallas AM 890
Baskersfield AM 1490 Indianapolis AM 1470
Download Radio Punjab
Official App from:
Google play
Download on the App Store
WEEKENDS
Kamal Aujla
8am -10 am
Harsharan Dhaliwal
10-12 pm
Sakatar S. Sandhu
Seattle
Parmeet Kaur
2-4 pm
Neema Manral
4-6 pm
Dr Jass Malkeet
12-2 pm sundays
Angrej Singh Brar
12-2 pm Saturdays
Amarjit S. Sidhu
6-9 pm
Studio : 604-335-1313 Sales : 604-307-3510
E-mail: info@radiopunjab.com, Web: www.radiopunjab.ca


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786




# ਚਮੜੀ ਨੂੰ ਮੁਲਾਇਮ ਬਣਾਉਂਦਾ ਹੈ ਪਪੀਤਾ



ਕਈ ਵਿਸ਼ੇਸ਼ ਗੁਣਾਂ ਨਾਲ ਭਰਪੂਰ ਹੋਣ ਕਾਰਨ ਪਪੀਤੇ ਨੂੰ ਫਰਿਸ਼ਤਿਆਂ ਦਾ ਖਾਣਾ ਵੀ ਕਿਹਾ ਜਾਂਦਾ ਹੈ। ਇਹ ਵਿਟਾਮਿਨ ਏ, ਬੀ, ਸੀ, ਪੋਟਾਸ਼ੀਅਮ , ਕਾਪਰ, ਮੈਗਨੀਸ਼ੀਅਮ ਨਾਲ ਭਰਪੂਰ ਐਂਟੀ ਆਕਸੀਡੈਂਟ ਹੁੰਦਾ ਹੈ। ਇਸ 'ਚ ਪਪੇਨ ਨਾਂ ਦਾ ਐਨਜ਼ਾਈਮ ਹੁੰਦਾ ਹੈ, ਜੋ ਚਮੜੀ ਦੇ ਮ੍ਰਿਤਕ ਸੈੱਲਾਂ ਨੂੰ ਮੁਲਾਇਮ ਤੇ ਹਟਾਉਣ 'ਚ ਮਦਦਗਾਰ ਸਾਬਤ ਹੁੰਦਾ ਹੈ। ਇਸ ਨਾਲ ਚਮੜੀ ਚਮਕੀਲੀ ਤੇ ਸਾਫ਼ ਬਣ ਜਾਂਦੀ ਹੈ। ਪਪੀਤੇ ਦੀ ਲਗਾਤਾਰ ਵਰਤੋਂ ਨਾਲ ਚਮੜੀ ਦੀ ਰੰਗਤ 'ਚ ਨਿਖਾਰ ਆਉਂਦਾ ਹੈ। ਪੱਕੇ ਪਪੀਤੇ ਦੇ ਗੁੱਦੇ ਨੂੰ ਚਿਹਰੇ 'ਤੇ ਲਾਇਆ ਜਾ ਸਕਦਾ ਹੈ। ਪਪੀਤੇ ਦੇ ਗੁੱਦੇ ਨੂੰ ਜੌਂ ਦੇ ਆਟੇ, ਦਹੀਂ ਤੇ ਸ਼ਹਿਦ ਮਿਲਾ ਕੇ ਫੇਸ ਮਾਸਕ ਤਿਆਰ ਕੀਤਾ ਜਾਂਦਾ ਹੈ। ਇਸ ਫੇਸ ਮਾਸਕ ਨੂੰ ਚਿਹਰੇ 'ਤੇ ਲਾਉਣ ਤੋਂ 20-30 ਮਿੰਟ ਬਾਅਦ ਚਿਹਰੇ ਨੂੰ ਤਾਜ਼ੇ ਪਾਣੀ ਨਾਲ ਧੋ ਦਿਓ। ਪਪੀਤੇ ਦੇ ਗੁੱਦੇ ਨੂੰ ਦਹੀਂ 'ਚ ਮਿਲਾ ਕੇ ਇਸ ਨੂੰ ਸਰੀਰ 'ਤੇ ਵੀ ਲਾਇਆ ਜਾ ਸਕਦਾ ਹੈ। ਦੋ ਚਮਚ ਪਪੀਤੇ ਦੇ ਗੁੱਦੇ 'ਚ ਇਕ ਚਮਚ ਗਲਿਸਰੀਨ ਤੇ ਮਿਲਕ ਪਾਊਡਰ, ਦੋ ਚਮਚ ਅਨਾਨਾਸ ਜੂਸ ਮਿਲਾ ਕੇ ਪੈਕ ਬਣਾ ਲਓ। ਇਸ ਪੈਕ ਨੂੰ ਅੱਧੇ ਘੰਟੇ ਤਕ ਚਿਹਰੇ 'ਤੇ ਲਾ ਕੇ ਕੋਸੇ ਪਾਣੀ ਨਾਲ ਧੋ ਲਓ। ਇਹ ਚਿਹਰੇ ਦੀ ਰੰਗਤ 'ਚ ਨਿਖਾਰ ਪੈਦਾ ਕਰੇਗਾ ਤੇ ਤੁਹਾਡੀ ਚਮੜੀ ਨੂੰ ਕੁਦਰਤੀ ਪੋਸ਼ਣ ਦਿੰਦਾ ਹੋਇਆ ਨਮੀ ਪ੍ਰਦਾਨ ਕਰਦਿਆਂ ਮ੍ਰਿਤਕ ਸੈੱਲਾਂ ਨੂੰ ਹਟਾਉਣ 'ਚ ਮਦਦ ਕਰੇਗਾ।





## ਸੰਤਰੇ ਨਾਲ ਜਵਾਨੀ ਰਹੇਗੀ ਬਰਕਰਾਰ

ਸੰਤਰੇ ਦਾ ਰਸ ਤੇ ਛਿਲਕਾ ਦੋਵੇਂ ਕਾਫ਼ੀ ਉਪਯੋਗੀ ਮੰਨੇ ਜਾਂਦੇ ਹਨ। ਦੋ ਸੰਤਰੇ ਦੇ ਛਿਲਕੇ, ਇਕ ਚਮਚ ਦੁੱਧ ਤੇ ਭੁੰਨੀ ਹੋਈ ਮਸਰ ਦੀ ਦਾਲ ਨੂੰ ਮਿਲਾ ਕੇ ਵੱਡੇ ਪੇਸਟ ਨੂੰ ਚਿਹਰੇ ਤੇ ਖੁੱਲ੍ਹੀ ਚਮੜੀ 'ਤੇ ਹਫ਼ਤੇ 'ਚ ਦੋ ਵਾਰ ਲਾਉਣ ਨਾਲ ਚਿਹਰੇ ਦੀ ਰੰਗਤ 'ਚ ਨਿਖਾਰ ਆਉਂਦਾ ਹੈ। ਇਕ ਗਿਲਾਸ ਸੰਤਰੇ ਦੇ ਜੂਸ ਦੀ ਲਗਾਤਾਰ ਵਰਤੋਂ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਵਧਦੀ ਹੈ ਤੇ ਜਵਾਨੀ ਬਰਕਰਾਰ ਰਹਿੰਦੀ ਹੈ। ਸੰਤਰੇ ਦੇ ਛਿਲਕਿਆ 'ਚ ਸਿਟਰਿਕ ਐਸਿਡ ਹੁੰਦਾ ਹੈ, ਜੋ ਚਮੜੀ ਦੇ ਬੰਦ ਰੋਮਾਂ ਨੂੰ ਖੋਲ੍ਹ ਕੇ ਚਿਹਰੇ ਦੀ ਰੰਗਤ ਨੂੰ ਨਿਖਾਰਦਾ ਹੈ। ਸੰਤਰੇ ਦੇ ਰਸ ਨੂੰ ਸਿੱਧਾ ਵੀ ਚਿਹਰੇ 'ਤੇ ਲਾਇਆ ਜਾ ਸਕਦਾ ਹੈ।

## ਰਸੋਈ

### ਸਾਬੂਦਾਨੇ ਦੇ ਪਾਪੜ



**ਸਮੱਗਰੀ :** 500 ਗ੍ਰਾਮ ਸਾਬੂਦਾਨਾ, ਹਿੰਗ, ਜ਼ੀਰਾ, ਮਿਰਚ, ਨਮਕ ਸਵਾਦ ਅਨੁਸਾਰ।

**ਵਿਧੀ :** ਸਾਬੂਦਾਨੇ ਨੂੰ 4-5 ਘੰਟੇ ਭਿਉਂ ਕੇ ਰੱਖੋ। ਜਦੋਂ ਗਲ ਜਾਣ, ਉਦੋਂ ਗਰਮ ਉਬਲਦੇ ਪਾਣੀ ਵਿਚ ਪਾ ਕੇ ਗਾੜ੍ਹਾ ਹੋਣ ਤੱਕ ਉਬਾਲਦੇ ਰਹੋ। ਏਨਾ ਗਾੜ੍ਹਾ ਹੋ ਜਾਵੇ ਕਿ ਚਮਚ ਨਾਲ ਪਾ ਸਕੋ ਤਾਂ ਨਮਕ ਪਾ ਕੇ ਅੱਗ ਤੋਂ ਲਾਹ ਲਵੋ। ਪੋਲੀਥੀਨ 'ਤੇ ਵੱਡੀ ਚਮਚ ਨਾਲ ਪਾਉਂਦੇ ਜਾਓ, ਗੋਲ-ਗੋਲ ਕੁਰਕੁਰੇ ਪਾਪੜ ਤਿਆਰ ਹਨ।

### ਆਲੂਆਂ ਦੇ ਪਾਪੜ



**ਸਮੱਗਰੀ :** ਆਲੂ 500 ਗ੍ਰਾਮ, ਨਮਕ, ਲਾਲ ਮਿਰਚ, ਹਿੰਗ, ਜ਼ੀਰਾ ਸਵਾਦ ਅਨੁਸਾਰ।

**ਵਿਧੀ :** ਆਲੂਆਂ ਨੂੰ ਉਬਾਲ ਲਓ ਤੇ ਛਿਲ ਲਓ, ਫਿਰ ਫੇਂਹ ਲਓ। ਫੇਂਹੇ ਹੋਏ ਆਲੂਆਂ ਵਿਚ ਨਮਕ, ਹਿੰਗ, ਮਿਰਚ ਅਤੇ ਜ਼ੀਰਾ ਪਾ ਕੇ ਮਿਕਸ ਕਰ ਲਓ। ਹੁਣ ਪੀਠੀ ਦੇ ਗੋਲ-ਗੋਲ ਪੇੜਿਆਂ ਨੂੰ ਵੇਲ ਕੇ ਤੇਲ ਨਾਲ ਚੋਪੜ ਕੇ ਧੁੱਪ ਵਿਚ ਸੁੱਕਣ ਲਈ ਰੱਖ ਦਿਓ। ਮਜ਼ੇਦਾਰ ਪਾਪੜ ਤਿਆਰ ਹਨ।

### ਧੋਤੇ ਮਾਂਹ ਦੀ ਦਾਲ ਦੇ ਪਾਪੜ



**ਸਮੱਗਰੀ :** ਅੱਧਾ ਕਿੱਲੋ ਧੋਤੇ ਮਾਂਹ ਦੀ ਦਾਲ ਦਾ ਆਟਾ, ਪੀਸੀ ਕਾਲੀ ਮਿਰਚ-15 ਗ੍ਰਾਮ, ਬੇਕਿੰਗ ਸੋਢਾ-5 ਗ੍ਰਾਮ, ਹਿੰਗ, ਜ਼ੀਰਾ, ਚੁਟਕੀ ਭਰ ਅਜਵਾਇਨ, ਥੋੜ੍ਹਾ ਜਿਹਾ ਸਰ੍ਹੋਂ ਦਾ ਤੇਲ, ਅੱਧੀ ਦਹੀਂ ਦੀ ਕੋਲੀ, ਨਮਕ ਸਵਾਦ ਅਨੁਸਾਰ।

**ਵਿਧੀ :** ਨਮਕ, ਬੇਕਿੰਗ ਸੋਢਾ, ਹਿੰਗ, ਕਾਲੀ ਮਿਰਚ ਆਦਿ ਨੂੰ ਪਾਣੀ ਵਿਚ ਘੋਲ ਲਓ, ਫਿਰ ਜ਼ੀਰਾ ਉਸ ਘੋਲ ਵਿਚ ਮਿਲਾ ਦਿਓ। ਫਿਰ ਉਸ ਦੇ ਪੇੜੇ ਬਣਾ ਕੇ ਪਾਪੜ ਵੇਲਣ ਵਾਲੇ ਵੇਲਣੇ ਨਾਲ ਵੇਲ ਲਓ। ਹੁਣ ਇਨ੍ਹਾਂ ਨੂੰ ਕੱਪੜੇ 'ਤੇ ਫੈਲਾ ਕੇ ਧੁੱਪ ਵਿਚ ਸੁਕਾਓ। ਲਓ, ਮਜ਼ੇਦਾਰ ਪਾਪੜ ਤਿਆਰ ਹਨ।

**ਉਪਰੋਕਤ** ਸਾਰੇ ਪਾਪੜਾਂ ਨੂੰ ਧੁੱਪ ਵਿਚ ਸੁਕਾਉਣ ਤੋਂ ਬਾਅਦ ਥੈਲੀਆਂ ਵਿਚ ਪੈਕ ਕਰ ਕੇ ਰੱਖ ਲਓ।

SUNNY SANGHA • PERSONAL REAL ESTATE CORPORATION

14317 31A AVENUE, SURREY




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

#92 15111 EDMUND DRIVE




Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

UNIT 2808 13615 FRASER HWY




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

LOT B 20444 46A AVENUE, LANGLEY




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

LOT A 33734 MAYFAIR AVENUE, SURREY

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA

CENTURY 21

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com







# ਮੋਦੀ ਨੇ ਐਲਬਨੀਜ਼ ਕੋਲ ਮੰਦਰਾਂ 'ਤੇ ਹਮਲਿਆਂ ਦਾ ਮੁੱਦਾ ਚੁੱਕਿਆ

## ਭਾਰਤ ਦੇ ਪ੍ਰਧਾਨ ਮੰਤਰੀ ਨੇ ਆਸਟਰੇਲਿਆਈ ਹਮਰੁਤਬਾ ਕੋਲ ਉਠਾਇਆ ਮੁੱਦਾ; ਐਲਬਨੀਜ਼ ਵੱਲੋਂ ਕਦਮ ਚੁੱਕਣ ਦਾ ਭਰੋਸਾ

ਸਿਡਨੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਆਸਟਰੇਲਿਆਈ ਹਮਰੁਤਬਾ ਐਂਥਨੀ ਐਲਬਨੀਜ਼ ਨੇ ਇੱਥੇ ਦੁਵੱਲੀ ਮੀਟਿੰਗ ਕੀਤੀ। ਮੋਦੀ ਨੇ ਇਸ ਮੌਕੇ ਹਾਲ ਹੀ



ਵਿਚ ਆਸਟਰੇਲੀਆ 'ਚ ਮੰਦਰਾਂ ਉਤੇ ਹੋਏ ਹਮਲਿਆਂ ਬਾਰੇ ਭਾਰਤ ਵੱਲੋਂ ਫ਼ਿਕਰ ਜ਼ਾਹਿਰ ਕੀਤਾ। ਉਨ੍ਹਾਂ ਆਸਟਰੇਲੀਆ ਵਿਚ ਖਾਲਿਸਤਾਨ-ਪੱਖੀ ਗਤੀਵਿਧੀਆਂ ਦਾ ਮਾਮਲਾ ਵੀ ਉਠਾਇਆ। ਮੋਦੀ ਨੇ ਕਿਹਾ ਕਿ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਅਜਿਹੀਆਂ ਗਤੀਵਿਧੀਆਂ ਖ਼ਿਲਾਫ਼ ਕਦਮ ਚੁੱਕਣ ਦਾ ਭਰੋਸਾ ਦਿੱਤਾ ਹੈ। ਐਂਥਨੀ ਐਲਬਨੀਜ਼ ਨਾਲ ਸਾਂਝਾ ਬਿਆਨ ਜਾਰੀ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਵੱਖਵਾਦੀ ਤੱਤਾਂ ਦੀਆਂ ਗਤੀਵਿਧੀਆਂ ਤੇ ਮੰਦਰਾਂ ਉਤੇ ਹਮਲੇ ਬਾਰੇ ਉਹ ਪਹਿਲਾਂ ਵੀ ਆਪਣੇ ਹਮਰੁਤਬਾ (ਐਂਥਨੀ) ਨਾਲ ਗੱਲਬਾਤ ਕਰ ਚੁੱਕੇ ਹਨ, ਤੇ ਅੱਜ ਵੀ ਚਰਚਾ ਹੋਈ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਕਿ ਕੋਈ ਵੀ ਤੱਤ ਭਾਰਤ ਤੇ ਆਸਟਰੇਲੀਆ ਦੇ ਸੁਖਾਵੇਂ ਰਿਸ਼ਤਿਆਂ ਨੂੰ ਆਪਣੇ ਵਿਚਾਰਾਂ ਜਾਂ ਕਾਰਵਾਈਆਂ ਰਾਹੀਂ ਖ਼ਰਾਬ ਕਰੇ। ਅੱਜ ਹੋਈ ਮੀਟਿੰਗ ਦੌਰਾਨ ਐਲਬਨੀਜ਼ ਤੇ ਮੋਦੀ ਨੇ ਪ੍ਰਵਾਸ ਤੇ ਆਵਾਜਾਈ ਸਬੰਧੀ ਇਕ ਸਮਝੌਤੇ ਨੂੰ ਅੰਤਿਮ ਛੋਹਾਂ ਦਿੱਤੇ ਜਾਣ ਬਾਰੇ ਐਲਾਨ ਕੀਤਾ। ਇਹ ਸਮਝੌਤਾ ਵਿਦਿਆਰਥੀਆਂ, ਅਕਾਦਮਿਕ ਖੋਜੀਆਂ ਤੇ ਕਾਰੋਬਾਰੀ ਲੋਕਾਂ ਦੀ ਦੁਵੱਲੀ ਆਵਾਜਾਈ ਨੂੰ ਉਤਸ਼ਾਹਿਤ ਕਰਨ ਵੱਲ ਸੇਧਤ ਹੈ। ਇਸ ਤੋਂ ਇਲਾਵਾ ਵਿਆਪਕ ਆਰਥਿਕ ਸਹਿਯੋਗ ਸਮਝੌਤੇ ਨੂੰ ਸਿਰੇ ਚੜ੍ਹਾਉਣ ਬਾਰੇ ਵੀ ਗੱਲਬਾਤ ਹੋਈ। ਐਲਬਨੀਜ਼ ਨੇ ਮੀਟਿੰਗ










ਤੋਂ ਬਾਅਦ ਬੰਗਲੁਰੂ ਵਿਚ ਨਵਾਂ ਦੂਤਾਵਾਸ ਖੋਲ੍ਹਣ ਦਾ ਐਲਾਨ ਵੀ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਇਸ ਮੌਕੇ ਕ੍ਰਿਕਟ ਦੀ ਉਦਾਹਰਨ ਵਰਤਦਿਆਂ ਕਿਹਾ ਕਿ ਭਾਰਤ-ਆਸਟਰੇਲੀਆ ਦੇ ਤੇਜ਼ੀ ਨਾਲ ਅੱਗੇ ਵੱਧ ਰਹੇ ਰਿਸ਼ਤੇ ਹੁਣ 'ਟੀ-20 ਮੋਡ' ਵਿਚ ਦਾਖਲ ਹੋ ਗਏ ਹਨ। ਮੋਦੀ ਨੇ ਇਸ ਮੌਕੇ ਆਸਟਰੇਲੀਆ ਦੇ ਗਵਰਨਰ ਜਨਰਲ ਡੇਵਿਡ ਹਰਲੇ ਨਾਲ ਵੀ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਨੇ ਇਸ ਮੌਕੇ ਐਲਬਨੀਜ਼ ਤੇ ਆਸਟਰੇਲੀਆ ਦੇ ਕ੍ਰਿਕਟ ਪ੍ਰੇਮੀਆਂ ਨੂੰ ਭਾਰਤ ਵਿਚ ਇਸੇ ਸਾਲ ਹੋਣ ਵਾਲੇ ਕ੍ਰਿਕਟ ਵਿਸ਼ਵ ਕੱਪ ਨੂੰ ਦੇਖਣ ਦਾ ਸੱਦਾ ਵੀ ਦਿੱਤਾ। ਇਸ ਤੋਂ ਪਹਿਲਾਂ ਮੋਦੀ ਨੇ ਅੱਜ ਆਸਟਰੇਲੀਆ ਵਿਚ ਵਿਰੋਧੀ ਧਿਰ ਦੇ ਆਗੂ ਪੀਟਰ ਡੱਟਨ ਨਾਲ ਵੀ ਮੁਲਾਕਾਤ ਕੀਤੀ।

### ਆਸਟਰੇਲਿਆਈ ਕਾਰੋਬਾਰੀਆਂ ਨੂੰ ਨਿਵੇਸ਼ ਦਾ ਸੱਦਾ

ਸਿਡਨੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਸਟਰੇਲੀਆ ਦੇ ਕਾਰੋਬਾਰਾਂ ਨੂੰ ਭਾਰਤ ਵਿਚ ਨਿਵੇਸ਼ ਦੇ ਮੌਕਿਆਂ ਦਾ ਲਾਭ ਲੈਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਉਹ ਡਿਜੀਟਲ, ਟੈਲੀਕਾਮ ਤੇ ਸੈਮੀਕੰਡਕਟਰ ਖੇਤਰ ਵਿਚ ਨਿਵੇਸ਼ ਕਰ ਸਕਦੇ ਹਨ। ਉਨ੍ਹਾਂ ਆਸਟਰੇਲੀਆ ਦੇ ਸੀਈਓਜ਼ ਨੂੰ ਭਾਰਤੀ ਕਾਰੋਬਾਰੀ ਆਗੂਆਂ ਨਾਲ ਤਾਲਮੇਲ ਕਰਨ ਦਾ ਸੁਝਾਅ ਦਿੱਤਾ। ਪ੍ਰਧਾਨ ਮੰਤਰੀ ਅੱਜ ਇੱਥੇ ਕਾਰੋਬਾਰੀ ਅਧਿਕਾਰੀਆਂ ਦੀ ਇਕ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਇਸ ਮੌਕੇ ਆਪਣੀ ਸਰਕਾਰ ਵੱਲੋਂ ਕੀਤੇ ਗਏ ਵਿੱਤੀ ਸੁਧਾਰਾਂ ਦਾ ਵੀ ਜ਼ਿਕਰ ਕੀਤਾ।

### ਜੈਸ਼ੰਕਰ ਵੱਲੋਂ ਆਸਟਰੇਲਿਆਈ ਹਮਰੁਤਬਾ ਨਾਲ ਮੁਲਾਕਾਤ

ਸਿਡਨੀ-ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅੱਜ ਇੱਥੇ ਆਪਣੀ ਹਮਰੁਤਬਾ ਪੈਨੀ ਵੌਂਗ ਨੂੰ ਮਿਲੇ। ਜੈਸ਼ੰਕਰ ਨੇ ਕਿਹਾ ਕਿ ਦੋਵੇਂ ਮੁਲਕ ਹੁਣ ਦੁਵੱਲੇ ਮੁੱਦਿਆਂ ਤੋਂ ਅੱਗੇ ਵੱਧ ਕੇ, ਖੇਤਰੀ ਅਤੇ




ਆਲਮੀ ਪੱਧਰ 'ਤੇ ਸਹਿਯੋਗ ਕਰ ਰਹੇ ਹਨ। ਆਸਟਰੇਲੀਆ ਦੀ ਵਿਦੇਸ਼ ਮੰਤਰੀ ਵੌਂਗ ਨੇ ਟਵੀਟ ਕਰ ਕੇ ਕਿਹਾ, 'ਜਿਵੇਂ ਕਿ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਹੈ ਕਿ ਸਾਡੇ ਰਿਸ਼ਤੇ ਲੋਕਤੰਤਰ, ਭਾਈਚਾਰੇ ਤੇ ਦੋਸਤੀ ਉਤੇ ਅਧਾਰਿਤ ਹਨ, ਅਸੀਂ ਵਪਾਰ, ਰੱਖਿਆ ਤੇ ਲੋਕਾਂ ਵਿਚਾਲੇ ਸੰਪਰਕ ਨੂੰ ਵਧਾਉਣ ਲਈ ਆਪਣੀ ਭਾਈਵਾਲੀ ਦਾ ਵਿਸਤਾਰ ਕਰ ਰਹੇ ਹਾਂ।'



## ਭਾਰਤੀ ਮੂਲ ਦੇ ਲੜਕੇ ਨੇ ਵਾਈਟ ਹਾਊਸ ਦੇ ਬੈਰੀਅਰ 'ਚ ਮਾਰਿਆ ਟਰੱਕ

ਵਾਸ਼ਿੰਗਟਨ-ਭਾਰਤੀ ਮੂਲ ਦੇ 19 ਸਾਲਾ ਲੜਕੇ ਨੇ ਕਿਰਾਏ 'ਤੇ ਲਏ ਇਕ ਯੂ-ਹੌਲ ਟਰੱਕ ਨਾਲ ਇੱਥੇ ਸਥਿਤ ਵਾਈਟ ਹਾਊਸ ਦੇ ਬੈਰੀਅਰ ਵਿਚ ਜਾਣਬੁੱਝ ਕੇ ਟੱਕਰ ਮਾਰ ਦਿੱਤੀ। ਉਸ ਨੇ ਮਗਰੋਂ ਪੁਲੀਸ ਨੂੰ ਦੱਸਿਆ ਕਿ ਉਹ ਵਾਈਟ ਹਾਊਸ ਦੇ ਅੰਦਰ ਜਾ ਕੇ 'ਸੱਤਾ 'ਤੇ ਕਾਬਜ਼' ਹੋਣਾ ਅਤੇ ਰਾਸ਼ਟਰਪਤੀ ਜੋਅ ਬਾਇਡਨ ਨੂੰ 'ਮਾਰਨਾ' ਚਾਹੁੰਦਾ ਹੈ। ਪੁਲੀਸ ਨੇ ਸਾਈ ਵਰਸ਼ਿਤ ਕੰਦੂਲਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਵੇਰਵਿਆਂ ਮੁਤਾਬਕ ਉਸ ਨੇ ਸੋਮਵਾਰ ਰਾਤ ਦਸ ਵਜੇ ਦੇ ਕਰੀਬ ਸੁਰੱਖਿਆ ਬੈਰੀਅਰ ਵਿਚ ਟਰੱਕ ਲਿਆ ਕੇ ਮਾਰਿਆ। ਇਸ ਦੌਰਾਨ ਉੱਥੋਂ ਪੈਦਲ ਜਾ ਰਹੇ ਕਈਆਂ ਨੂੰ ਉਸ ਨੇ ਭੱਜਣ ਲਈ ਮਜਬੂਰ ਕਰ ਦਿੱਤਾ। ਹਾਲਾਂਕਿ ਘਟਨਾ ਸਥਾਨ ਵਾਈਟ ਹਾਊਸ ਦੇ ਗੇਟਾਂ ਤੋਂ ਕਾਫ਼ੀ ਦੂਰ ਹੈ। ਟੱਕਰ ਤੋਂ ਬਾਅਦ ਸੜਕਾਂ ਤੇ ਆਲੇ-ਦੁਆਲੇ ਨੂੰ ਬੰਦ ਕਰ ਦਿੱਤਾ ਗਿਆ। ਨੇੜੇ ਸਥਿਤ ਹੇਅ-ਐਡਮਜ਼ ਹੋਟਲ ਨੂੰ ਵੀ ਇਹਤਿਆਤ ਵਜੋਂ ਖਾਲੀ ਕਰਾਉਣਾ ਪਿਆ। ਸਾਈ ਕੰਦੂਲਾ ਮਿਸੂਰੀ ਸੂਬੇ ਦੇ ਚੈਸਟਰਫੀਲਡ ਦਾ ਰਹਿਣ ਵਾਲਾ ਹੈ। ਉਹ ਸੇਂਟ ਲੁਈਸ ਤੋਂ ਇਕ ਪਾਸੇ ਦੀ ਟਿਕਟ ਲੈ ਕੇ ਡਿਊਲਜ਼ ਹਵਾਈ ਅੱਡੇ 'ਤੇ ਉਤਰਿਆ ਸੀ ਤੇ ਤੁਰੰਤ ਮਗਰੋਂ ਉਸ ਨੇ ਇਕ ਟਰੱਕ ਕਿਰਾਏ ਉਤੇ ਲੈ ਲਿਆ। ਇਸੇ ਟਰੱਕ ਨਾਲ ਉਸ ਨੇ ਵਾਈਟ ਹਾਊਸ ਦੇ ਉੱਤਰੀ ਪਾਸੇ ਮੈਟਲ ਬੈਰੀਅਰ ਵਿਚ ਟੱਕਰ ਮਾਰ ਦਿੱਤੀ। ਕੰਦੂਲਾ ਨੇ ਪੁਲੀਸ ਨੂੰ ਦੱਸਿਆ ਕਿ ਉਹ ਛੇ ਮਹੀਨਿਆਂ ਤੋਂ ਹਮਲੇ ਦੀ ਯੋਜਨਾ ਬਣਾ ਰਿਹਾ ਸੀ। ਐਫਬੀਆਈ ਦੇ ਏਜੰਟਾਂ ਨੇ ਇਸੇ ਦੌਰਾਨ ਚੈਸਟਰਫੀਲਡ ਸਥਿਤ ਕੰਦੂਲਾ ਦੇ ਘਰ ਦੀ ਤਲਾਸ਼ੀ ਵੀ ਲਈ ਹੈ।




ਸਪੈਸ਼ਲ ਸੈਲ!
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1 98 SF
Berber
Installed
Textured Saxony
Installed
from $2 28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
Ashok
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Perry
SURREY / DELTA
8385 - 120th Street
604-572-8788
Monday to Saturday
9:00-5:30
Sunday Closed
Butch
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

## ਜਥੇਦਾਰਾਂ ਨੇ ਸਜ਼ਾ ਲਾਉਣੀ

2020 ਅਕਾਲ ਤਖਤ ਤੇ ਰਾਜਾ ਜਾਂ ਰੰਕ ਹੋਏ, ਕਿਸੇ ਨਾਲ ਨਾ ਹੋਏ ਲਿਹਾਜ ਭਾਈ।
ਸਾਰੇ ਖੇਤਾਂ ਨੂੰ ਇੱਕੋ ਜਰੀਵ ਮਿਣੇ, ਵੱਡੀ ਰਕਮ ਤੇ ਵੱਡਾ ਵਿਆਜ ਭਾਈ।
ਇੱਕ ਰਾਜਾ ਤੇ ਦੂਸਰੀ ਸਿੱਖ ਹੋ ਕੇ, ਦੋਵੇਂ ਚੀਜ਼ਾਂ ਨੂੰ ਲਾਈ ਤੂੰ ਲਾਜ ਭਾਈ।
ਮਾਰ ਕੋਰੜੇ ਤੇਰੇ ਹਰਚੰਦ ਸਿੰਘਾ, ਠੀਕ ਕਰਨਾ ਤੇਰਾ ਮਿਜਾਜ ਭਾਈ॥
2021 ਦੂਜਾ ਫੈਸਲਾ ਅਸਾਂ ਨੇ ਇਹ ਕੀਤਾ, ਸੁਣ ਇਸ ਨੂੰ ਕੰਨ ਤੂੰ ਪਾ ਸਿੰਘਾ।
ਮੋਰਾਂ ਬਿਨਾਂ ਨਹੀਂ ਜੇ ਰਹਿ ਸਕਦਾ, ਸ਼ਾਦੀ ਉਸ ਦੇ ਨਾਲ ਕਰਵਾ ਸਿੰਘਾ।
ਪਤੀ ਬਣ ਤੇ ਰਾਣੀ ਬਣਾ ਉਸਨੂੰ, ਲਾਹ ਕੋਠਿਓਂ ਮਹਿਲ ਬਹਾ ਸਿੰਘਾ।
ਹਰਚੰਦ ਸਿੰਘਾ ਭੂੰਡਾਂ ਜੋ ਘੇਰ ਘੱਤੀ, ਉਸ ਕਲੀ ਤੇ ਕਰਮ ਕਮਾ ਸਿੰਘਾ॥
2022 ਰਣਜੀਤ ਸਿੰਘ ਨੇ ਸਜਾ ਮਨਜ਼ੂਰ ਕੀਤੀ, ਲਾਓ ਕੋਰੜੇ ਮੇਰੇ ਲਾਓ ਛੇਤੀ।
ਬੜਾ ਭਾਰ ਹੈ ਮੇਰੀ ਆਤਮਾ ਤੇ, ਇਸ ਅਪਰਾਧ ਤੋਂ ਮੈਨੂੰ ਛੁਡਾਓ ਛੇਤੀ।
ਜਥੇਦਾਰ ਜੀ ਕੋਰੜੇ ਆਪ ਲਾ ਕੇ, ਮੈਨੂੰ ਪੰਥ ਦੇ ਵਿੱਚ ਮਿਲਾਓ ਛੇਤੀ।
ਹਰਚੰਦ ਸਿੰਘਾ ਮੁਹਿਮ ਤੇ ਜਾਵਣਾ ਏ, ਕੰਮ ਆਪਣਾ ਤੁਸੀਂ ਮੁਕਾਓ ਛੇਤੀ॥
2023 ਮੋਰਾਂ ਇੱਜਤ-ਆਬਰੂ ਮਾਪਿਆਂ ਦੀ, ਵਿੱਚ ਰੁਲਦੀ ਪਈ ਬਜ਼ਾਰ ਦੇ ਜੀ।
ਕਮਲਾ ਫੁੱਲ ਇਹ ਦਮਕਾਂ ਮਾਰਦਾ ਏ, ਦੇਖੋ ਉਗਿਆ ਵਿੱਚ ਹੈ ਗਾਰ ਦੇ ਜੀ।
ਅਸਾਂ ਆਪਣੇ ਗਮਲੇ ਵਿੱਚ ਲਾਉਣਾ, ਸਦਾ ਰੱਖਣਾ ਨਾਲ ਪਿਆਰ ਦੇ ਜੀ।
ਹਰਚੰਦ ਸਿੰਘਾ ਅਸਾਂ ਵਿਆਹ ਲੈਣੀ, ਜਾਤ-ਧਰਮ ਨਾ ਮੂਲ ਵਿਚਾਰ ਦੇ ਜੀ॥

## ਕਵੀਓ ਵਾਚ

2024 ਰਣਜੀਤ ਸਿੰਘ ਪੰਜਾਬ ਦਾ ਮਹਾਰਾਜਾ, ਨਾਲ ਜ਼ੋਰ ਦੇ ਕਿਲ੍ਹੇ ਨਿਵਾਂਵਦਾ ਏ।
ਪਰਬਤ, ਨਦੀਆਂ, ਨਾਲੇ ਨੇ ਰਾਹ ਦੇਂਦੇ, ਲੈ ਲਸ਼ਕਰ ਜਿੱਧਰ ਵੀ ਜਾਂਵਦਾ ਏ।
ਝਿਪੇ ਇਸ ਤੋਂ ਲਾਟ ਫਿਰੰਗੀਆਂ ਦਾ, ਕੰਬਣ ਕਸ਼ਮੀਰ ਅਫਗਾਨ ਨੂੰ ਲਾਂਵਦਾ ਏ।
ਹਰਚੰਦ ਸਿੰਘਾ ਜਥੇਦਾਰ ਕੋਲੋਂ, ਔਹ ਵੇਖੋ ਕੋਰੜੇ ਖਾਂਵਦਾ ਏ॥

## ਖਾਲਸ ਫੌਜ ਨੂੰ ਯੂਰਪ ਦੇ ਢੰਗ ਦੀ ਦਿੱਖ ਅਤੇ ਕਵੈਦ ਸਿਖਾਲਣੀ

2025 ਰਣਜੀਤ ਸਿੰਘ ਨੇ ਮਨ ਵਿਚਾਰ ਕੀਤੀ, ਦਿੱਖ ਫ਼ੌਜ ਦੀ ਹੋਰ ਸਜਾਈ ਜਾਏ।
ਕਵੈਦ ਜੋ ਅੰਗਰੇਜ਼ੀ ਫ਼ੌਜ ਕਰਦੀ, ਸਾਡੀ ਫ਼ੌਜ ਨੂੰ ਉਹ ਸਿਖਾਈ ਜਾਏ।
ਇੱਕ ਟੋਲੀ ਭੇਜ ਕੇ ਸੈਨਕਾਂ ਦੀ, ਭਰਤੀ ਉਨ੍ਹਾਂ ਦੇ ਵਿੱਚ ਕਰਾਈ ਜਾਏ।
ਮਾਹਰ ਹੋ ਕੇ ਮੁੜਨ ਹਰਚੰਦ ਸਿੰਘਾ, ਕਵੈਦ ਉਨ੍ਹਾਂ ਤੋਂ ਫਿਰ ਕਰਵਾਈ ਜਾਏ॥
2026 ਇਸ ਤਰ੍ਹਾਂ ਕੁੱਝ ਜਵਾਨ ਮੁੰਡੇ, ਅੰਗਰੇਜ਼ੀ ਇਲਾਕੇ ਵਿੱਚ ਉਹ ਜਾਂਵਦੇ ਨੇ।
ਫਿਰੰਗੀ ਫ਼ੌਜ ਦੇ ਵਿੱਚ ਜਾ ਹੋਏ ਭਰਤੀ, ਕਵੈਦ ਸਿਖਕੇ ਨਾਮ ਕਟਾਂਵਦੇ ਨੇ।
ਵਾਪਸ ਖਾਲਸਾ ਫ਼ੌਜ ਦੇ ਵਿੱਚ ਆ ਕੇ, ਆਪਣੀ ਫ਼ੌਜ ਨੂੰ ਫਿਰ ਸਿਖਾਂਵਦੇ ਨੇ।
ਹਰਚੰਦ ਸਿੰਘਾ ਕਰਨ ਕਵੈਦ ਫ਼ੌਜੀ, ਸ਼ੇਰੇ ਪੰਜਾਬ ਨੂੰ ਬੜੇ ਹੀ ਭਾਂਵਦੇ ਨੇ॥

## ਅੰਮ੍ਰਿਤਸਰ ਵਿੱਚ ਸ਼ੇਰੇ ਪੰਜਾਬ ਨੇ ਸ਼ਾਹੀ ਦਰਬਾਰ ਕਰਕੇ ਆਪਣੇ ਚੋਣਵੇਂ ਸਰਦਾਰਾਂ ਨੂੰ ਅਹੁਦੇ ਦੇਣੇ ਫ਼ੌਜੀ ਅਤੇ ਥਾਵਾਂ ਅਲਾਟ ਕਰਨੀਆਂ

2027 ਸਰਦਾਰ ਦੇਸਾ ਸਿੰਘ ਮਜੀਠੀਏ ਨੂੰ ਚਾਰ ਹਜ਼ਾਰ ਸੀ ਘੋੜ ਅਸਵਾਰ ਦਿੱਤੇ।
ਨਿਹਾਲ ਸਿੰਘ ਅਟਾਰੀ ਵਾਲੜੇ ਨੂੰ, ਪੈਦਲ-ਸਵਾਰ ਸੀ ਪੰਜ ਹਜ਼ਾਰ ਦਿੱਤੇ।
ਹੁਕਮਾ ਸਿੰਘ ਚਿਮਨੀ ਤੇ ਗੌਸ ਖਾਨ ਤਾਈਂ, ਤੋਪਖਾਨਾ ਤੇ ਫ਼ੌਜੀ ਸਰਕਾਰ ਦਿੱਤੇ।
ਹਰਚੰਦ ਸਿੰਘਾ ਬੜੀ ਹੈ ਲਿਸਟ ਲੰਬੀ, ਥਾਉਂ ਥਾਈਂ ਘੱਲ ਸਰਦਾਰ ਦਿੱਤੇ॥

## ਹਰ ਮਿਸਲ ਅਤੇ ਜਗੀਰਦਾਰ ਨੂੰ ਲੋੜ ਪੈਣ ਤੇ ਸ਼ੇਰੇ ਪੰਜਾਬ ਤਾਈਂ ਸੈਨਿਕ ਅਤੇ ਘੋੜ ਅਸਵਾਰ ਦੇਣ ਦਾ ਹੁਕਮ ਕੀਤਾ

2028 ਨਕਈ ਮਿਸਲ ਨੇ ਪੰਜ ਹਜ਼ਾਰ ਦੇਣੇ, ਚਾਰ ਹਜ਼ਾਰ ਘਨੱਈਆ ਨੂੰ ਲਾ ਦਿੱਤੇ।
ਪੰਜ ਹਜ਼ਾਰ ਪਹਾੜੀ ਰਾਜਿਆਂ ਨੂੰ, ਸੱਤ ਹਜ਼ਾਰ ਦੁਆਬੀਆਂ ਪੱਲੇ ਪਾ ਦਿੱਤੇ।
ਜੱਸਾ ਸਿੰਘ, ਸਾਹਿਬ ਸਿੰਘ, ਚੇਤ ਸਿੰਘ, ਭਾਗ ਸਿੰਘ ਨੂੰ, ਇਕ ਇਕ ਹਜ਼ਾਰ ਦੁਆ ਦਿੱਤੇ।
ਹਰਚੰਦ ਸਿੰਘਾ ਕੁਤਾਹੀ ਜਿਸ ਕੀਤੀ, ਨਤੀਜੇ ਸਭ ਨੂੰ ਸਰਕਾਰ ਸਮਝਾ ਦਿੱਤੇ॥
2029 ਜਗੀਰਾਂ ਲਾਈਆਂ ਗਿਣ ਕੇ ਪਿੰਡ ਦਿੱਤੇ, ਕਿਲ੍ਹੇ ਕੋਟ ਸੀ ਦਿੱਤੇ ਸੰਭਾਲ ਬੇਲੀ।
ਕੋਈ ਹੁਕਮ ਦੀ ਕਰੇ ਉਲੰਘਣਾ ਨਾ, ਰਹਿਣਾ ਸਭ ਨੇ ਪਿਆਰ ਦੇ ਨਾਲ ਬੇਲੀ।
ਕੋਈ ਕਿਸੇ ਦਾ ਛੇੜੇ ਨਾ ਹੱਦ ਬੰਨਾ, ਕੋਈ ਕਰਨੀ ਚੂੰ ਨਾ ਚਾਲ ਬੇਲੀ।
ਹਰਚੰਦ ਸਿੰਘਾ ਰਹੋ ਸਰਦਾਰ ਬਣ ਕੇ, ਚਾਲ-ਚਲਣ ਦਾ ਰੱਖੋ ਖਿਆਲ ਬੇਲੀ॥
2030 ਸੌਣੀ-ਹਾੜੀ ਮਾਮਲਾ ਤਾਰਨਾ ਏ, ਕਾਸ਼ਤਕਾਰਾਂ ਨੂੰ ਦੇਣਾ ਨਹੀਂ ਦੁੱਖ ਸਿੰਘੋ।
ਤੰਗ ਕੀਤਾ ਜਿਸਨੇ ਹੋਰ ਤਾਈਂ, ਦੁੱਖ ਪਾਏਗਾ ਉਹ ਮਨੁੱਖ ਸਿੰਘੋ।
ਭੇਸ ਬਦਲ ਕੇ ਅਸਾਂ ਨੇ ਆਪ ਆਉਣਾ, ਦੇਖਣ ਲੋਕਾਂ ਦੇ ਦੁੱਖ ਤੇ ਸੁੱਖ ਸਿੰਘੋ।
ਹਰਚੰਦ ਸਿੰਘਾ ਸਰਦਾਰੀ ਖੁਸ ਜਾਣੀ, ਕਾਲਾ ਕੀਤਾ ਜਿਸਨੇ ਮੁੱਖ ਸਿੰਘੋ॥
2031 ਮਾੜਾ ਹਾਲ ਨਾ ਹੋਏ ਤਬੇਲਿਆਂ ਦਾ, ਘੋੜੇ ਘੋੜੀਆਂ ਹੋਣ ਅਰੋਗ ਭਾਈ।
ਸ਼ਸਤਰ ਵਿੱਦਿਆ ਵਿੱਚ ਨਿਪੁੰਨ ਕਰਨੇ, ਹੋਣ ਗੱਭਰੂ ਲੜਨ ਦੇ ਯੋਗ ਭਾਈ।
ਪਹੁਲ ਛੱਕ ਕੇ ਗੁਰੂ ਦੇ ਸਿੰਘ ਰਹਿਣਾ, ਨਸ਼ੇ ਪੱਤੇ ਦਾ ਲਾਉਣਾ ਨਹੀਂ ਰੋਗ ਭਾਈ।
ਹਰਚੰਦ ਸਿੰਘਾ ਗੁਰੂ ਜੀ ਕਰਨ ਖ਼ੈਰਾਂ, ਕਿਸੇ ਘਰ ਪਏ ਨਾ ਸੋਗ ਭਾਈ॥
2032 ਜਾਓ ਜਾ ਕੇ ਆਪਣੇ ਥਾਂ ਮੱਲੋ, ਸਾਡੇ ਹੁਕਮ ਲਈ ਰਹਿਣਾ ਤਿਆਰ ਸ਼ੇਰੋ।
ਇਹ ਨਾ ਸਮਝਣਾ ਮੱਲਾਂ ਮਾਰ ਲਈਆਂ, ਰੱਖ ਦੇਣੀ ਨਾ ਕਿਤੇ ਕਟਾਰ ਸ਼ੇਰੋ।
ਭੁੱਖੀ ਗਿਰਝ ਦੇ ਵਾਂਗ ਨੇ ਵੇਖ ਰਹੇ, ਪੰਜਾਬ ਵੱਲ ਨੂੰ ਬੇ-ਸ਼ੁਮਾਰ ਸ਼ੇਰੋ।
ਹਰਚੰਦ ਸਿੰਘਾ ਜਿਹਨੇ ਵੀ ਅੱਖ ਚੁੱਕੀ, ਧੌਣ ਦੇਣੀ ਆ ਝੱਟ ਉਤਾਰ ਸ਼ੇਰੋ॥

## ਜਿਹਲਮ ਅਤੇ ਝਨਾਅ ਦੇ ਇਲਾਕੇ ਦੇ ਮੁਸਲਮਾਨ ਰਈਸਾਂ ਨੇ ਸ਼ੇਰੇ ਪੰਜਾਬ ਦੀ ਰਾਖੀ ਹੇਠ ਆਉਣਾ

2033 ਜਿਹਲਮ ਅਤੇ ਝਨਾਅ ਦੀ ਗੋਦ ਬੈਠੇ, ਜਿੰਨੇ ਰਈਸ, ਅਮੀਰ, ਸੁਲਤਾਨ ਮੀਆਂ।
ਸ਼ੇਰੇ ਪੰਜਾਬ ਨੂੰ ਆ ਲਾਹੌਰ ਮਿਲੇ, ਸੱਯਦ, ਮੀਏ, ਖ਼ਾਨ-ਪਠਾਣ ਮੀਆਂ।
ਸਾਨੂੰ ਆਪਦੇ ਤਹਿਤ ਵਿੱਚ ਕਰ ਲਓ, ਅਸੀਂ ਛੱਡਿਆ ਦੇਸ਼ ਅਫਗਾਨ ਮੀਆਂ।
ਹਰਚੰਦ ਸਿੰਘਾ ਰਾਖੀ ਕਰੋ ਸਾਡੀ, ਆਪ ਆਸਰੇ ਮਾਲ ਤੇ ਜਾਨ ਮੀਆਂ॥

2034 ਸਮਝਦਾਰੀ ਵੇਖ ਕੇ ਸਾਰਿਆਂ ਦੀ, ਬਾਗੋ-ਬਾਗ ਸੀ ਸ਼ੇਰੇ ਪੰਜਾਬ ਹੋਏ।
ਬਿਨਾਂ ਜੰਗ ਤੇ ਖ਼ੂਨ-ਖਰਾਬਿਆਂ ਤੋਂ, ਤਹਿਤ ਜਿਹਲਮ ਅਤੇ ਝਨਾਵ ਹੋਏ।
ਦੇ ਕੇ ਖ਼ਿਲਤਾਂ ਸਭ ਦਾ ਮਾਣ ਕੀਤਾ, ਪੂਰੇ ਸਭ ਦੇ ਹਾਵ ਤੇ ਭਾਵ ਹੋਏ।
ਸਮਾਂ ਸਾਂਭਿਆ ਜਿਨ੍ਹਾਂ ਹਰਚੰਦ ਸਿੰਘਾ, ਉਹੋ ਲੋਕ ਨਾਂ ਕਦੇ ਖਰਾਬ ਹੋਏ॥

## 1805 ਈ: ਦੇ ਅੰਤ ਤੇ ਜਸਵੰਤ ਰਾਉ ਹੁਲਕਰ ਮਰਹੱਟਾ ਦਾ ਸ਼ੇਰੇ ਪੰਜਾਬ ਦੀ ਸ਼ਰਨ ਆਉਣਾ

2035 ਮੁਲਤਾਨ ਵੱਲ ਸੀ ਸ਼ੇਰੇ ਪੰਜਾਬ ਗਏ, ਖਬਰ ਲੈ ਕੇ ਹਲਕਾਰਾ ਜਾਂਵਦਾ ਏ।
ਜਸਵੰਤ ਰਾਉ ਰਾਜਾ ਇੰਦੌਰ ਵਾਲਾ, ਸਣੇ ਫੌਜ ਪੰਜਾਬ ਵੱਲ ਆਂਵਦਾ ਏ।
ਅੰਗਰੇਜ਼ੀ ਜਰਨੈਲ ਲੇਕ ਤੋਂ ਹਾਰ ਖਾ ਕੇ, ਮੱਦਦ ਆਪਣੀ ਉਹ ਚਾਂਹਵਦਾ ਏ।
ਪਿੱਛੇ ਆਂਵਦੀ ਫ਼ੌਜ ਫਿਰੰਗੀਆਂ ਦੀ, ਹਰਚੰਦ ਸਿੰਘਾ ਬੜਾ ਘਬਰਾਂਵਦਾ ਏ॥

2036 ਖ਼ਬਰ ਸੁਣ ਕੇ ਸ਼ੇਰੇ ਪੰਜਾਬ ਝੱਬੇ, ਚਾਲੇ ਵੱਲ ਲਹੌਰ ਦੇ ਪਾ ਦਿੱਤੇ।
ਜਸਵੰਤ ਰਾਉ ਦੇ ਕਹਿਕੇ ਡਾਕੀਏ ਨੂੰ, ਅੰਮ੍ਰਿਤਸਰ ਸੀ ਡੇਰੇ ਲਵਾ ਦਿੱਤੇ।
ਲਾਹੌਰ ਭੇਜ ਕੇ ਦੂਤ ਜਸਵੰਤ ਰਾਉ ਨੇ, ਮਹਾਰਾਜ ਨੂੰ ਦੁੱਖ ਬਤਾ ਦਿੱਤੇ।
ਹਰਚੰਦ ਸਿੰਘਾ ਬੜਾ ਗੰਭੀਰ ਮਸਲਾ, ਸੋਚੀਂ ਸ਼ੇਰੇ ਪੰਜਾਬ ਸੀ ਪਾ ਦਿੱਤੇ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ- 604-710-7593

****************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

****************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

****************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

****************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

****************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

****************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

****************

ਭਾਰਤ ਵਿੱਚ ਸੇਲ ਮੈਨੇਜਰ, ਰਾਮਦਾਸੀਆ ਸਿੱਖ ਮੇਹਟਨ ਪਰਿਵਾਰ ਨਾਲ ਸੰਬੰਧਤ, ਉਮਰ 29 ਸਾਲ, ਕੱਦ 5'11", ਪੋਸਟ ਗ੍ਰੈਜੂਏਟ, ਸੁੰਦਰ, ਨਸ਼ਿਆਂ ਤੋਂ ਰਹਿਤ ਲੜਕੇ ਲਈ ਪੜ੍ਹੇ-ਲਿਖੇ ਪਰਿਵਾਰ ਦੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀਆਰ/ਵਰਕ ਪਰਮਿਟ ਹੋਲਡਰ, ਪੜ੍ਹੀ-ਲਿਖੀ ਅਤੇ ਸੁੰਦਰ ਹੋਣੀ ਚਾਹੀਦੀ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕੈਨੇਡਾ ਵਿੱਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ: 604-505-6176 ਜਾਂ ਈਮੇਲ -wirte2rkj@gmial.com

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994, ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਏਚਏਨਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmial.ca

****************

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
Contact: 604-897-1298,
Whatsapp Number: 99-156-52029

****************

INA ਪਰਿਵਾਰ ਵਿਚ ਜੰਮਪਲ, ਜੱਟ ਸਿੱਖ, ˜ਰਪਹਓਨ ਲੜਕੀ, ਉਮਰ 30 ਸਾਲ, ਕੱਦ 5'6", Rural Landlord, ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਹਮ-ਉਮਰ ਜੱਟ ਸਿੱਖ ਵਰ ਦੀ ਲੋੜ ਹੈ। ਵਿਧਰ/ਤਲਾਕਸ਼ੁਦਾ ਵੀ ਵਿਚਾਰ ਅਧੀਨ। ਸੰਪਰਕ: 778-344-3108

****************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋੜ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

****************

ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

****************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(PR) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

****************

ਇੰਡੀਆ ਵਿਚ HDFC ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ : 604-761-8454, 778-837-3502

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

GALAXY IDP CONSTRUCTION LTD.

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com

**Phone: 604-366-6000**

**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।
ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 -604-615-8088

### ਵਰਕਰਾਂ ਦੀ ਲੋੜ

S K FRAMING ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389




# ਬਹੁਤ ਜ਼ਰੂਰੀ ਹੈ ਦੁਪਹਿਰ ਦਾ ਭੋਜਨ



ਕਈ ਲੋਕ ਇਹ ਸੋਚਦੇ ਹਨ ਕਿ ਸਾਨੂੰ ਵਜ਼ਨ ਘੱਟ ਕਰਨ ਲਈ ਅਤੇ ਕੰਮ ਸਮੇਂ ਚੁਸਤ ਤੇ ਫੁਰਤੀਲਾ ਰਹਿਣ ਲਈ ਦੁਪਹਿਰ ਦਾ ਖਾਣਾ ਨਹੀਂ ਖਾਣਾ ਚਾਹੀਦਾ ਪਰ ਇਸ ਤਰ੍ਹਾਂ ਕਰਨਾ ਗ਼ਲਤ ਹੈ। ਇਹ ਬਿਲਕੁਲ ਸਹੀ ਹੈ ਕਿ ਤੁਹਾਡਾ ਸਵੇਰ ਦਾ ਨਾਸ਼ਤਾ ਠੀਕ ਅਤੇ ਪੌਸ਼ਟਿਕ ਹੋਣਾ ਚਾਹੀਦਾ ਹੈ। ਇਸ ਨਾਲ ਦਿਨ ਦੀ ਸ਼ੁਰੂਆਤ ਚੰਗੀ ਹੁੰਦੀ ਹੈ ਪਰ ਇਸ ਦਾ ਇਹ ਮਤਲਬ ਨਹੀਂ ਕਿ ਤੁਸੀਂ ਇਸ ਤੋਂ ਬਾਅਦ ਸਿਰਫ਼ ਰਾਤ ਦਾ ਭੋਜਨ ਲਓ ਅਤੇ ਦੁਪਹਿਰ ਨੂੰ ਕੁਝ ਨਾ ਖਾਓ। ਇਸ ਤਰ੍ਹਾਂ ਕਰਕੇ ਤੁਸੀਂ ਆਪਣੇ-ਆਪ ਨੂੰ ਨੁਕਸਾਨ ਪਹੁੰਚਾ ਰਹੇ ਹੋ। ਨਾਸ਼ਤਾ ਲੈਣ ਤੋਂ ਡੇਢ ਦੋ ਘੰਟੇ ਬਾਅਦ ਤੁਹਾਡੇ ਖ਼ੂਨ ਵਿਚ ਸ਼ੂਗਰ ਦਾ ਪੱਧਰ ਹੇਠਾਂ ਆ ਜਾਂਦਾ ਹੈ ਅਤੇ ਤੁਹਾਨੂੰ ਭੁੱਖ ਲੱਗਣੀ ਸ਼ੁਰੂ ਹੋ ਜਾਂਦੀ ਹੈ। ਇਸ ਲਈ ਥੋੜ੍ਹੀ ਦੇਰ ਤਕ, ਜਦੋਂ ਦੁਪਹਿਰ ਦੇ ਭੋਜਨ ਦਾ ਸਮਾਂ ਆਉਂਦਾ ਹੈ, ਤੁਸੀਂ ਜੇਕਰ ਕੁਝ ਨਹੀਂ ਖਾਂਦੇ ਤਾਂ ਤੁਹਾਡੀ ਹਾਜ਼ਮੇ ਦੀ ਦਰ ਵੀ ਘੱਟ ਹੋ ਜਾਂਦੀ ਹੈ ਅਤੇ ਤੁਸੀਂ ਕਮਜ਼ੋਰੀ ਮਹਿਸੂਸ ਕਰਨ ਲਗਦੇ ਹੋ। ਇਸ ਹਾਲਤ ਵਿਚ ਸ਼ਾਮ ਤੱਕ ਤੁਹਾਨੂੰ ਬਹੁਤ ਭੁੱਖ ਲਗਦੀ ਹੈ ਅਤੇ ਨਤੀਜਾ ਇਹ ਹੁੰਦਾ ਹੈ ਕਿ ਤੁਸੀਂ ਰਾਤ ਦੇ ਭੋਜਨ 'ਤੇ ਟੁੱਟ ਪੈਂਦੇ ਹੋ ਅਤੇ ਬੇਹਿਸਾਬ ਖਾਣਾ ਖਾ ਲੈਂਦੇ ਹੋ। ਆਮ ਤੌਰ 'ਤੇ ਇਹ ਵੀ ਦੇਖਿਆ ਗਿਆ ਹੈ ਕਿ ਇਸ ਤਰ੍ਹਾਂ ਤੁਸੀਂ ਖਾਣਾ ਖਾਣ ਦੇ ਕੁਝ ਹੀ ਦੇਰ ਬਾਅਦ ਸੌਂ ਜਾਂਦੇ ਹੋ। ਇਸ ਦਾ ਕੀ ਅਸਰ ਹੁੰਦਾ ਹੈ ? ਇਹ ਤੁਹਾਡੇ ਸਰੀਰ ਲਈ ਹਾਨੀਕਾਰਕ ਹੈ ਕਿਉਂਕਿ ਰਾਤ ਨੂੰ ਸੌਂਦੇ ਸਮੇਂ ਤੁਹਾਡੀਆਂ ਸਾਰੀਆਂ ਕੈਲੋਰੀਜ਼ ਰਾਤ ਮੋਟਾਪੇ ਵਿਚ ਬਦਲ ਜਾਂਦੀਆਂ ਹਨ। ਸੌਂਦੇ ਸਮੇਂ ਸਰੀਰ ਕੈਲੋਰੀ ਦੀ ਕੋਈ ਵਰਤੋਂ ਨਹੀਂ ਕਰਦਾ ਅਤੇ ਤੁਹਾਡਾ ਵਜ਼ਨ ਦੁਪਹਿਰ ਨੂੰ ਨਾ ਖਾਣੇ ਦੇ ਬਾਵਜੂਦ ਵਧ ਜਾਂਦਾ ਹੈ। ਇਸ ਹਾਲਤ ਵਿਚ ਇਲਾਜ ਇਕ ਹੀ ਹੈ ਕਿ ਦੁਪਹਿਰ ਨੂੰ ਤੁਹਾਨੂੰ ਜ਼ਰੂਰ ਕੁਝ ਖਾ ਲੈਣਾ ਚਾਹੀਦਾ ਹੈ, ਚਾਹੇ ਹਲਕਾ ਖਾਣਾ ਹੀ ਕਿਉਂ ਨਾ ਖਾਓ। ਤੁਸੀਂ ਸਬਜ਼ੀ, ਰੋਟੀ, ਚੌਲ ਆਦਿ ਨਾ ਖਾਓ ਪਰ ਤੁਸੀਂ ਇਸ ਦੇ ਬਦਲੇ ਵਿਚ ਦਹੀਂ, ਸੈਂਡਵਿਚ ਜਾਂ ਫਲ ਆਦਿ ਖਾ ਸਕਦੇ ਹੋ ਜਾਂ ਫਿਰ ਤੁਸੀਂ ਫਲ ਹੀ ਖਾਓ ਜਾਂ ਹਲਕਾ ਪੋਹਾ, ਉਪਮਾ ਜਾਂ ਇਡਲੀ ਖਾ ਸਕਦੇ ਹੋ। ਜੇਕਰ ਤੁਸੀਂ ਇਸ ਹਿਸਾਬ ਨਾਲ ਆਪਣੀਆਂ ਆਦਤਾਂ ਬਦਲੋਗੇ ਤਾਂ ਤੁਸੀਂ ਰਾਤ ਨੂੰ ਭੋਜਨ ਵੀ ਹਿਸਾਬ ਨਾਲ ਖਾਓਗੇ। ਦਿਨ ਵਿਚ ਜੋ ਵੀ ਤੁਸੀਂ ਖਾਧਾ ਹੈ, ਉਹ ਹਜ਼ਮ ਵੀ ਹੋ ਜਾਂਦਾ ਹੈ ਅਤੇ ਮੋਟਾਪਾ ਵੀ ਨਹੀਂ ਆਉਂਦਾ ਕਿਉਂਕਿ ਤੁਸੀਂ ਦਿਨ ਵਿਚ ਕੰਮ ਕਰਦੇ ਸਮੇਂ ਇਨ੍ਹਾਂ ਕੈਲੋਰੀਜ਼ ਦੀ ਸਹੀ ਵਰਤੋਂ ਕਰ ਸਕਦੇ ਹੋ। ਇਕ ਹੋਰ ਗੱਲ ਦਾ ਧਿਆਨ ਰੱਖੋ ਕਿ ਰਾਤ ਨੂੰ ਖਾਣਾ ਖਾ ਕੇ ਕੁਝ ਸੈਰ ਕਰੋ ਜਾਂ ਘਰ ਵਿਚ ਹੀ ਤੁਰਦੇ-ਫਿਰਦੇ ਰਹੋ। ਬਸ ਖਾਣਾ ਖਾ ਕੇ, ਲੰਮੇ ਪੈ ਕੇ ਟੀ.ਵੀ. ਦੇਖ ਕੇ ਨਾ ਸੌਂਵੋ। ਰਾਤ ਦੇ ਭੋਜਨ ਤੋਂ ਬਾਅਦ ਟਹਿਲਣਾ ਜਾਂ ਥੋੜ੍ਹਾ ਜਿਹਾ ਕੰਮਕਾਰ ਕਰਕੇ ਸੌਣਾ ਫਾਇਦੇਮੰਦ ਰਹੇਗਾ।



NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

# ਮਿੰਨੀ ਕਹਾਣੀਆਂ

## ਮਾਲਕ

ਉਸ ਨੇ ਸਫ਼ੈਦ ਜੱਤ ਵਾਲਾ ਇੱਕ ਖ਼ੂਬਸੂਰਤ ਜਿਹਾ ਕੁੱਤਾ ਪਾਲਿਆ। ਉਹ ਕੁੱਤੇ ਨੂੰ ਹਰ ਵੇਲੇ ਸੰਗਲੀ ਨਾਲ ਬੰਨ੍ਹ ਕੇ ਰੱਖਦਾ ਤਾਂ ਜੋ ਬਾਹਰ ਜਾ



ਕੇ ਗਲੀ ਦੇ ਆਵਾਰਾ ਕੁੱਤਿਆਂ ਨਾ ਮੇਲ-ਜੋਲ ਨਾ ਰੱਖ ਸਕੇ। ਜਦੋਂ ਉਹ ਕੁਝ ਦਿਨ ਗੇਟ ਦੇ ਅੰਦਰ ਡੱਕਿਆ ਰਿਹਾ ਤਾਂ ਬਾਹਰ ਜਾਣ ਲਈ ਤਰਲੋਮੱਛੀ ਹੋਣ ਲੱਗ ਪਿਆ। ਆਉਂਦੇ-ਜਾਂਦੇ ਲੋਕਾਂ ਅਤੇ ਕੁੱਤਿਆਂ-ਬਿੱਲਿਆਂ ਨੂੰ ਦੇਖ ਕੇ ਉਹ ਬਾਹਰ ਭੱਜਣ-ਭੱਜਣ ਕਰਦਾ। ਬਾਹਰ ਦੀ ਖੁੱਲ੍ਹੀ ਫਿਜ਼ਾ ਮਾਣਨਾ ਲੋਚਦਾ। ਪਰ ਬੰਨ੍ਹਿਆ ਹੋਣ ਕਰਕੇ ਉਹ ਬੇਵੱਸ ਸੀ। ਉਹ ਆਪਣੀ ਦੁਰਦਸ਼ਾ 'ਤੇ ਰੋਂਦਾ, ਕੁਰਲਾਉਂਦਾ ਤੇ ਛਟਪਟਾਉਂਦਾ। ਇੱਕ ਦਿਨ ਉਸ ਦੇ ਮਾਲਕ ਨੇ ਉਸ ਨੂੰ ਆਪਣੇ ਨਾਲ ਲਿਜਾ ਕੇ ਸੰਗਲੀ ਤੋਂ ਮੁਕਤ ਕਰ ਦਿੱਤਾ। ਉਸ ਨੂੰ ਕਿਹਾ ਕਿ ਜਾਹ, ਜਾ ਕੇ ਆਜ਼ਾਦੀ ਮਾਣ, ਬਾਹਰ ਦੇ ਬੁੱਲੇ ਲੁੱਟ! ਪਹਿਲਾਂ ਤਾਂ ਕੁੱਤਾ ਸ਼ੂਟ ਵੱਟ ਕੇ ਅੱਗੇ ਨੂੰ ਭੱਜਿਆ ਜਿਵੇਂ ਜੇਲ੍ਹ 'ਚੋਂ ਛੁੱਟਿਆ ਹੋਵੇ, ਪਰ ਥੋੜ੍ਹਾ ਦੂਰ ਜਾ ਕੇ ਜਦੋਂ ਉਸ ਨੇ ਪਿੱਛੇ ਦੇਖਿਆ ਕਿ ਮਾਲਿਕ ਤਾਂ ਨਾਲ ਆ ਨਹੀਂ ਰਿਹਾ ਜਿਹੜਾ ਉਸ ਨੂੰ ਦੁੱਧ, ਰੋਟੀ, ਮੀਟ, ਬਿਸਕੁਟ ਅਤੇ ਫ਼ਲ ਦਿੰਦਾ ਹੈ ਤਾਂ ਉਹ ਫਟਾਫਟ ਪਿੱਛੇ ਨੂੰ ਦੌੜਿਆ। ਅਜਨਬੀ ਲੋਕਾਂ ਅਤੇ ਜਨੌਰਾਂ 'ਚ ਉਸ ਦਾ ਮਨ ਨਾ ਲੱਗਿਆ। ਉਸ ਨੂੰ ਉਨ੍ਹਾਂ ਤੋਂ ਡਰ ਵੀ ਆਉਣ ਲੱਗਿਆ। ਉਹ ਫਿਰ ਦੌੜ ਕੇ ਮਾਲਕ ਦੇ ਨੇੜੇ-ਤੇੜੇ ਉਸ ਦੇ ਪੈਰਾਂ ਕੋਲ ਚੱਕਰ ਕੱਟਣ ਲੱਗਿਆ। ਉਸ ਦੇ ਪੈਰਾਂ ਨੂੰ ਚੱਟਣ ਲੱਗ ਪਿਆ। ਮਾਲਿਕ ਨੇ ਸੋਚਿਆ ਕਿ ਉਸ ਦਾ ਮਨ ਵੀ ਤਾਂ ਬਹੁਤਾ ਚਿਰ ਇਕੱਲ ਵਿੱਚ, ਇਕਾਂਤ ਵਿੱਚ ਆਪਣੇ ਕੋਲ ਰਹਿ ਕੇ ਆਪਣੇ ਕੋਲ ਬੈਠ ਕੇ ਅੱਕ ਜਾਂਦਾ ਹੈ ਤਾਂ ਉਹ ਬਾਹਰ ਦੀ ਚਕਾਚੌਂਧ ਵਾਲੀ ਦੁਨੀਆਂ ਵਿੱਚ ਜਾਣਾ ਲੋਚਦਾ ਹੈ। ਉਸ ਨੂੰ ਅਕਸਰ ਮਹਿਸੂਸ ਹੁੰਦਾ ਕਿ ਉਸ ਦੇ ਸਾਰੇ ਦੋਸਤ-ਮਿੱਤਰ, ਰਿਸ਼ਤੇਦਾਰ ਉਸ ਤੋਂ ਅੱਗੇ ਲੰਘ ਗਏ ਹਨ ਤੇ ਉਹ ਪਿੱਛੇ ਰਹਿ ਗਿਆ ਹੈ। ਉਹ ਐਸ਼ਾਂ ਤੇ ਮੌਜਾਂ ਮਾਣ ਰਹੇ ਹਨ। ਪਰ ਥੋੜ੍ਹੀ ਦੇਰ ਮਗਰੋਂ ਉਹ ਵਾਪਸ ਪਰਤ ਆਉਂਦਾ ਹੈ, ਆਪਣੇ ਕੋਲ, ਆਪਣੇ ਮਾਲਕ ਕੋਲ। ਉਸ ਨੂੰ ਵੀ ਲੱਗਦਾ ਹੈ ਕਿ ਉਹ ਉਸ ਦੇ ਪਾਸ ਰਹਿ ਕੇ ਹੀ ਸੁਰੱਖਿਅਤ ਹੈ, ਹੋਰ ਕਿਧਰੇ ਨਹੀਂ। ਇਹ ਸੋਚ ਕੇ ਉਹ ਆਪਣੇ ਕੁੱਤੇ ਦੀ ਜੱਤ ਵਿੱਚ ਹੱਥ ਫੇਰ ਕੇ ਉਸ ਨੂੰ ਢੇਰ ਸਾਰਾ ਪਿਆਰ ਦਿੰਦਾ ਤੇ ਪੁਚਕਾਰਦਾ ਹੈ। ਉਸ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਹੈ ਜਿਵੇਂ ਇਸ ਤਰ੍ਹਾਂ ਉਸ ਨੂੰ ਇਕੱਲ ਤੇ ਇਕਾਂਤ ਮਹਿਸੂਸ ਨਾ ਹੋ ਰਹੀ ਹੋਵੇ।

**—ਕਰਮਵੀਰ ਸਿੰਘ ਸੂਰੀ**

## ਸੁਪਨੇ

ਮਾਈ ਚਿੰਤੀ ਪਿਛਲੇ ਤਿੰਨ ਦਿਨਾਂ ਤੋਂ ਬੈਂਕ ਵਿੱਚ ਭੀੜ ਦੀਆਂ ਲੱਗੀਆਂ ਲੰਮੀਆਂ ਕਤਾਰਾਂ ਅਤੇ ਕਦੇ ਨਕਦੀ ਖ਼ਤਮ ਹੋਣ ਕਾਰਨ ਖਾਲੀ ਹੱਥੀਂ ਵਾਪਸ ਆ ਰਹੀ ਸੀ। ਅੱਜ ਤੀਜੀ ਜਮਾਤ ਵਿੱਚ ਪੜ੍ਹਦੇ ਪੋਤੇ ਨੂੰ ਨਾਲ ਲੈ ਕੇ ਸਮੇਂ ਸਿਰ ਹੀ ਬੈਂਕ ਪੁੱਜ ਗਈ ਸੀ, ਪਰ ਅੱਜ ਤਾਂ ਭੀੜ ਹੋਰ ਵੀ ਜ਼ਿਆਦਾ ਸੀ। ਲੰਮੀ ਕਤਾਰ ਵਿੱਚ ਲੱਗੇ ਲੋਕਾਂ



'ਚ ਤਕਰਾਰ ਅਤੇ ਧੱਕਾ-ਮੁੱਕੀ ਜਾਰੀ ਸੀ। ਮਾਈ ਨੂੰ ਕਤਾਰ 'ਚ ਖੜ੍ਹਿਆਂ ਡੇਢ ਘੰਟਾ ਹੋ ਚੁੱਕਾ ਸੀ। ਸਰੀਰ ਕਮਜ਼ੋਰ ਤੇ ਥੱਕਿਆ ਹੋਣ ਕਾਰਨ ਉਹ ਫਰਸ਼ 'ਤੇ ਹੀ ਬੈਠ ਗਈ। ਅਜਿਹੀ ਹਾਲਤ ਦੇਖ ਕੇ ਇੱਕ ਆਦਮੀ ਮਾਈ ਕੋਲ ਆਇਆ ਅਤੇ ਇੱਕ ਹਜ਼ਾਰ ਦੇ ਬਦਲੇ ਅੱਠ ਸੌ ਰੁਪਏ ਦੇਣ ਦੀ ਗੱਲ ਕਰਨ ਲੱਗਾ। ਹੈਰਾਨੀ ਜ਼ਾਹਿਰ ਕਰਦਿਆਂ ਮਾਈ ਚਿੰਤੀ ਨੇ ਬਾਕੀ ਦੇ ਦੋ ਸੌ ਰੁਪਏ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਸਰਕਾਰ ਦੀ ਨਵੀਂ ਨੀਤੀ ਮੁਤਾਬਿਕ ਇਹ ਪੈਸੇ ਕੱਟ ਕੇ ਤੁਹਾਡੇ ਬੈਂਕ ਖਾਤੇ ਵਿੱਚ ਦਸ ਲੱਖ ਰੁਪਏ ਜਮ੍ਹਾਂ ਹੋ ਜਾਣਗੇ ਤਾਂ ਹੀ ਇਹ ਲੋਕੀ ਲਾਈਨ 'ਚ ਲੱਗੇ ਹੋਏ ਹਨ। ਰੋਜ਼ ਦੀ ਖੱਜਲ-ਖੁਆਰੀ ਤੋਂ ਬਚਣ ਖ਼ਾਤਰ ਤੇ ਇਸ ਝੂਠੀ ਗੱਲ ਬਾਰੇ ਸੋਚ ਕੇ ਮਾਈ ਨੇ ਆਪਣੀ ਮੁੱਠੀ ਵਿੱਚ ਘੁੱਟਿਆ ਹੋਇਆ ਹਜ਼ਾਰ ਰੁਪਏ ਦਾ ਨੋਟ ਉਸ ਨੂੰ ਦੇ ਕੇ ਅੱਠ ਸੌ ਰੁਪਏ ਪ੍ਰਾਪਤ ਕਰ ਲਏ। ਉਸ ਨੇ ਪੁਰਾਣੀ ਜਿਹੀ ਲੀਰ ਵਿੱਚ ਗੰਢ ਮਾਰਦਿਆਂ ਇਹ ਰੁਪਏ ਆਪਣੇ ਖੀਸੇ ਵਿੱਚ ਪਾ ਲਏ। ਦਾਦੀ ਦੀ ਉਂਗਲੀ ਫੜੀ ਬੱਸ ਸਟੈਂਡ ਵੱਲ ਤੁਰੇ ਆਉਂਦਿਆਂ ਪੋਤੇ ਨੇ ਖ਼ੁਸ਼ੀ ਜ਼ਾਹਿਰ ਕਰਦਿਆਂ ਕਿਹਾ, "ਦਾਦੀ! ਫਿਰ ਤਾਂ ਆਪਾਂ ਵੀ ਪੱਕਾ ਘਰ ਬਣਾਵਾਂਗੇ ਜਿਸ ਵਿੱਚ ਛੱਤ ਵਾਲਾ ਪੱਖਾ ਅਤੇ ਰੰਗੀਨ ਟੈਲੀਵਿਜ਼ਨ ਲਾਵਾਂਗੇ ਸਕੂਲੇ ਜਾਣ ਲਈ ਵੀ ਮੈਂ ਨਵੇਂ ਬੂਟ ਲਵਾਂਗਾ।" ਤੁਰੇ ਜਾਂਦੇ ਨੇ ਆਪਣੀਆਂ ਘਸੀਆਂ ਚੱਪਲਾਂ ਵੱਲ ਦੇਖਦਿਆਂ ਕਿਹਾ। ਪਰ ਆਪਣੇ ਹੀ ਖ਼ਿਆਲਾਂ ਵਿੱਚ ਖੋਈ ਮਾਈ ਮਨ ਹੀ ਮਨ ਸੋਚ ਰਹੀ ਸੀ ਕਿ ਪੁੱਤਰ, ਅਸੀਂ ਤਾਂ ਝੂਠੇ ਸੁਪਨੇ ਦੇਖਦਿਆਂ ਸਾਰੀ ਉਮਰ ਹੀ ਲੰਘਾ ਦਿੱਤੀ ਪਰ ਤੇਰੀ ਤਾਂ ਅਜੇ ਸ਼ੁਰੂਆਤ ਹੀ ਹੈ।

**—ਪਿਆਰਾ ਸਿੰਘ**



## ਗ੍ਰਹਿ

ਬੜੀ ਮਿਹਨਤ-ਮੁਸ਼ੱਕਤ ਕਰਕੇ ਮੈਂ ਸਰਕਾਰੀ ਮਾਸਟਰ ਲੱਗਿਆ ਤਾਂ ਮੇਰੀ ਮਿਹਨਤ ਨੂੰ ਬੂਰ ਪੈ ਗਿਆ ਕਿਉਂਕਿ ਘਰ ਦੇ ਹਾਲਾਤ ਆਰਥਿਕ ਪੱਖੋਂ ਬਹੁਤ ਖ਼ਰਾਬ ਸਨ। ਮੈਨੂੰ ਬਹੁਤ ਖ਼ੁਸ਼ੀ ਸੀ ਕਿ ਮੇਰੀ ਮਿਹਨਤ ਦਾ ਫਲ ਮੈਨੂੰ ਮਿਲ ਗਿਆ ਸੀ। ਦੂਜੇ ਦਿਨ ਸਕੂਲ ਡਿਊਟੀ 'ਤੇ ਜਾਣ ਸਮੇਂ ਰਸਤੇ 'ਚ ਪਿੰਡ ਦੇ ਕੁਝ ਵਿਅਕਤੀ ਮੈਨੂੰ ਆਖਣ ਲੱਗੇ, "ਕਾਕਾ! ਤੇਰੇ ਗ੍ਰਹਿ ਚੰਗੇ ਸਨ ਜੋ ਤੈਨੂੰ ਸਰਕਾਰੀ ਨੌਕਰੀ ਮਿਲ ਗਈ। ਚੰਗੇ ਦਾਨ-ਪੁੰਨ ਕੀਤੇ ਹੋਣਗੇ ਤੂੰ ਪਿਛਲੇ ਜਨਮ ਵਿੱਚ।" ਇਹ ਸੁਣ ਕੇ ਮੈਂ ਕੀਤੀ ਹੋਈ ਸਖ਼ਤ ਮਿਹਨਤ ਅਤੇ ਆਪਣੇ ਗ੍ਰਹਿਆਂ ਤੇ ਪਿਛਲੇ ਜਨਮ ਬਾਰੇ ਸੋਚੀਂ ਪੈ ਗਿਆ।

—ਸੰਜੀਵ ਧਰਮਾਣੀ

## ਅਮਰੀਕਾ ਵਾਲੇ



"ਹਾਂ ਬਈ ਜਵਾਨਾ, ਸੁਣਿਆ ਆ ਗਿਆ ਤੇਰਾ ਅਮਰੀਕਾ ਵਾਲਾ ਬੇਲੀ।" ਬਾਬੇ ਮੇਹਰੂ ਨੇ ਵਿਅੰਗ ਨਾਲ ਬਿੱਟੂ ਨੂੰ ਕਿਹਾ। "ਅੱਛਾ ਬਾਬਾ, ਮੈਨੂੰ ਨੀ ਪਤਾ।" "ਹਲਾ, ਆਹ ਪਿੰਡ ਦੇ ਗੁਰਦੁਆਰੇ 'ਚ ਅਖੰਡ ਪਾਠ ਉਨ੍ਹਾਂ ਨੇ ਹੀ ਰਖਾਇਆ, ਸ਼ੇਰਾ।" ਇਹ ਸੁਣ ਕੇ ਬਿੱਟੂ ਅਮਰੀਕਾ ਤੋਂ ਨੌਂ ਸਾਲ ਪਿੱਛੋਂ ਪਰਤੇ ਆਪਣੇ ਮਿੱਤਰ ਰਾਜੇ ਨੂੰ ਮਿਲਣ ਉਹਦੇ ਘਰ ਪਹੁੰਚ ਗਿਆ ਜਿਸ ਦੀ ਅਮਰੀਕਾ ਜਾਣ ਵੇਲੇ ਆਪਣੇ ਹਿੱਸੇ ਆਉਂਦੀ ਦੋ ਕਿੱਲੇ ਜ਼ਮੀਨ ਗਹਿਣੇ ਰੱਖ ਕੇ ਬਿੱਟੂ ਨੇ ਮਦਦ ਕੀਤੀ ਸੀ। ਆਸਾਂ ਤੋਂ ਉਲਟ ਰਸਮੀਂ 'ਹੈਲੋ-ਹਾਏ' ਤੋਂ ਬਿਨਾਂ ਰਾਜੇ ਨੇ ਬਿੱਟੂ ਨਾਲ ਕੋਈ ਗੱਲ ਨਾ ਕੀਤੀ। ਕਾਫ਼ੀ ਝਿਜਕ ਪਿੱਛੋਂ ਬਿੱਟੂ ਨੇ ਰਾਜੇ ਨੂੰ ਕਿਹਾ, "ਰਾਜੇ ਵੀਰ ਹੁਣ ਤਾਂ ਮੇਰੇ ਉਹ ਪੈਸੇ ।" ਉਸ ਦੇ ਸ਼ਬਦ ਪੂਰੇ ਹੋਣ ਤੋਂ ਪਹਿਲਾਂ ਹੀ ਰਾਜਾ ਬੋਲਿਆ, "ਤੇਰੇ ਜਿਹੇ ਮਲੰਗ ਦੇ ਕਿਹੜੇ ਪੈਸੇ? ਜੇ ਕੋਈ ਗਵਾਹ ਜਾਂ ਲਿਖਤ ਹੈ ਤਾਂ ਲਿਆ ਬਾਈ।" ਮਿੱਤਰਤਾ ਵੱਸ ਪੈਸੇ ਦੇਣ ਵੇਲੇ ਬਿੱਟੂ ਨੇ ਕਿਸੇ ਲਿਖਤ ਜਾਂ ਗਵਾਹ ਬਾਰੇ ਸੋਚਿਆ ਹੀ ਨਹੀਂ ਸੀ। ਹੁਣ ਭਰੇ ਮਨ ਨਾਲ ਆਪਣਾ ਸਭ ਕੁਝ ਗੁਆ ਉਹ ਵਾਪਸ ਪਰਤ ਰਿਹਾ ਸੀ ਤਾਂ ਗੁਰਦੁਆਰੇ ਦੇ ਭਾਈ ਜੀ ਦੇ ਬੋਲ ਉਹਦੇ ਕੰਨੀਂ ਪਏ, "500 ਡਾਲਰ ਪਿੰਡ ਦੇ ਗੁਰਦੁਆਰਾ ਸਾਹਿਬ ਲਈ ਦਾਨ ਕਰਦੇ ਹਨ ਰਾਜਾ ਸਿੰਘ ਅਮਰੀਕਾ ਵਾਲੇ ।" ਅਮਰੀਕਾ ਵਾਲੇ ਸ਼ਬਦ ਸੁਣ ਕੇ ਬਿੱਟੂ ਸੋਚ ਰਿਹਾ ਸੀ ਕਿ ਅਮਰੀਕਾ ਵਾਲੇ ਜਾਂ ਅਸਲੀ ਮਲੰਗ।

**—ਜਸਵਿੰਦਰ ਕੌਰ ਦੱਧਾਹੂਰ**

## ਬਦਲਾਅ

ਅਰਜਨ ਸਿੰਘ ਇੱਕ ਕੰਪਨੀ ਵਿੱਚ ਪਿਛਲੇ ਛੇ ਸਾਲਾਂ ਤੋਂ ਨੌਕਰੀ ਕਰ ਰਿਹਾ ਸੀ ਅਤੇ ਉਸ ਦਾ ਵਿਆਹ ਤਿੰਨ ਕੁ ਸਾਲ ਪਹਿਲਾਂ ਹੋ ਗਿਆ ਸੀ। ਅਰਜਨ ਦੇ ਪਰਿਵਾਰ ਦਾ ਜੀਵਨ ਕਾਫ਼ੀ ਵਧੀਆ ਢੰਗ ਨਾਲ ਬਤੀਤ ਹੋ ਰਿਹਾ ਸੀ। ਨੌਕਰੀ ਲੱਗਣ ਮਗਰੋਂ ਤੋਂ ਹੀ ਉਸ ਨੂੰ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਕੋਲ ਜਾਣ ਲਈ ਕਾਫ਼ੀ ਘੱਟ ਸਮਾਂ ਮਿਲਦਾ ਸੀ। ਸੋ ਸਾਰੇ ਸਮਝਦੇ ਸਨ ਕਿ ਉਹ ਵਿਆਹ ਤੋਂ ਬਾਅਦ ਬਦਲ ਗਿਆ ਹੈ। ਇੱਕ ਦਿਨ ਅਰਜਨ ਤੇ ਉਸ ਦੀ ਪਤਨੀ ਇੱਕ ਸਮਾਗਮ ਵਿੱਚ ਸ਼ਾਮਲ ਹੋਣ ਗਏ। ਸਾਰੇ ਉਸ ਨੂੰ ਟਾਂਚ ਮਾਰਦੇ ਕਹਿਣ ਲੱਗੇ ਕਿ ਵਿਆਹ ਮਗਰੋਂ ਤੂੰ ਬਦਲ ਗਿਆ ਅਤੇ ਈਦ ਦਾ ਚੰਦ ਹੋ ਗਿਆ। ਉਸ ਨੇ ਜੁਆਬ ਦਿੱਤਾ, "ਵਿਆਹ ਮਗਰੋਂ ਮੇਰੀਆਂ ਜ਼ਿੰਮੇਵਾਰੀਆਂ ਵਧ ਗਈਆਂ ਹਨ। ਜੇ ਆਪਣੇ ਪਰਿਵਾਰ ਦੀ ਦੇਖ-ਰੇਖ ਕਰਨ ਅਤੇ ਆਪਣੇ ਕੰਮ ਨੂੰ ਦਿਲ ਲਾ ਕੇ ਕਰਨ ਨੂੰ ਬਦਲਾਅ ਕਹਿੰਦੇ ਹਨ ਤਾਂ ਹਾਂ, ਮੈਂ ਬਦਲ ਗਿਆ ਹਾਂ।"

**—ਜਗਦੀਪ ਸਿੰਘ ਸਿੱਧੂ**



# ਸੁਪਨਿਆਂ ਪਿੱਛੇ ਭੱਜਣ ਵਾਲੇ ਹੀ ਸਫਲਤਾ ਹਾਸਿਲ ਕਰਦੇ ਨੇ-ਪੀਆ ਵਾਜਪਈ

ਦੱਖਣ ਅਤੇ ਹਿੰਦੀ ਫ਼ਿਲਮਾਂ ਦੀ ਅਭਿਨੇਤਰੀ ਪੀਆ ਵਾਜਪਈ ਦੀ ਪਛਾਣ ਵੈਂਕਟ ਪ੍ਰਭੂ ਦੀ ਕਾਮੇਡੀ ਤਮਿਲ ਫ਼ਿਲਮ 'ਗੋਆ' (2010) ਵਿਚ ਰੌਸ਼ਨੀ, ਕੇ.ਵੀ. ਅਨੰਦ ਦੀ ਫ਼ਿਲਮ 'ਕੋ' ਦੇ ਰਾਜਨੀਤਕ, ਰੋਮਾਂਚਕ ਕਿਰਦਾਰਾਂ ਲਈ ਹੁੰਦੀ ਹੈ। ਜਦੋਂ ਉਸ ਨੂੰ ਇਕ ਐਡ ਫ਼ਿਲਮ ਵਿਚ ਅਮਿਤਾਭ ਬੱਚਨ ਅਤੇ ਕ੍ਰਿਕਟਰ ਮਹਿੰਦਰ ਸਿੰਘ ਧੋਨੀ ਨਾਲ ਪਰਦਾ ਸਾਂਝਾ ਕਰਨ ਦਾ ਮੌਕਾ ਮਿਲਿਆ ਤਾਂ ਉਸ ਦੇ ਸੁਪਨਿਆਂ ਨੂੰ ਜਿਵੇਂ ਪਰ ਲੱਗ ਗਏ। ਏ.ਐਲ. ਵਿਜੈ ਵਲੋਂ ਨਿਰਦੇਸ਼ਿਤ ਕਾਮੇਡੀ ਫ਼ਿਲਮ 'ਪੋਈ ਸੋਲਾ ਪੋਰੋਮ' (2008) ਜ਼ਰੀਏ ਉਸ ਨੇ ਤਮਿਲ ਫ਼ਿਲਮਾਂ ਵਿਚ ਡੈਬਿਊ ਕੀਤਾ। ਇਸ ਵਿਚ ਪੀਆ, ਕਾਰਤਿਕ ਕੁਮਾਰ ਅਤੇ ਨਾਸਰ ਵਰਗੇ ਕਲਾਕਾਰਾਂ ਦੇ ਨਾਲ ਮੁੱਖ ਭੂਮਿਕਾ ਵਿਚ ਸੀ। ਉਸੇ ਸਾਲ ਉਸ ਨੇ ਇਕ ਹੋਰ ਤਮਿਲ ਫ਼ਿਲਮ ਰਾਜੂ ਸੁੰਦਰਮ ਦੀ 'ਏਗਨ' (2008) ਕੀਤੀ, ਜਿਸ ਵਿਚ ਉਸ ਦੇ ਨਾਲ ਅਜੀਤ ਕੁਮਾਰ, ਨਯਨਤਾਰਾ ਅਤੇ ਨਵਦੀਪ ਕੌਰ ਵੀ ਸੀ। ਉਸ ਦਾ ਕਿਰਦਾਰ ਇਕ ਕਾਲਜ ਵਿਦਿਆਰਥਣ ਦਾ ਸੀ। 'ਨਿੰਨੂ ਕਾਲੀਸਾਕਾ' (2008) ਵਿਚ ਪੀਆ ਵਾਜਪਈ ਦੀ ਤੇਲਗੂ ਡੈਬਿਊ ਫ਼ਿਲਮ ਸੀ। ਇਸ ਵਿਚ ਉਸ ਵਲੋਂ ਨਿਭਾਏ ਗਏ ਕਿਰਦਾਰ ਦੀ ਕਾਫ਼ੀ ਪ੍ਰਸੰਸਾ ਹੋਈ। ਉਸ ਤੋਂ ਬਾਅਦ ਉਸ ਨੇ 'ਬੈਕਬੈਂਚ ਸਟੂਡੈਂਟ' (2013) ਅਤੇ 'ਦਲਮ' (2013) ਵਰਗੀਆਂ ਤੇਲਗੂ ਫ਼ਿਲਮਾਂ ਕੀਤੀਆਂ। 'ਮਾਸਟਰਜ਼' (2012) ਜ਼ਰੀਏ ਪੀਆ ਵਾਜਪਈ ਨੇ ਮਲਿਆਲਮ ਫ਼ਿਲਮਾਂ ਵਿਚ ਕੰਮ ਕੀਤਾ। ਇਸ ਵਿਚ ਉਸ ਨੇ ਪ੍ਰਿਥਵੀਰਾਜ ਦੇ ਨਾਲ ਮੁੱਖ ਭੂਮਿਕਾ ਨਿਭਾਈ ਸੀ। 'ਲਾਲ ਰੰਗ' (2016) ਤੋਂ ਪੀਆ ਨੇ ਹਿੰਦੀ ਫ਼ਿਲਮਾਂ ਵਿਚ ਕੰਮ ਕੀਤਾ। ਉਸ ਤੋਂ ਬਾਅਦ ਲਘੂ ਫ਼ਿਲਮ 'ਦ ਵਰਜਿਨ' (2016), 'ਮਿਰਜ਼ਾ ਜੂਲੀਅਟ' (2018) ਅਤੇ ਇਸ ਸਾਲ ਆਈ 'ਲਾਸਟ' (2023) ਵਰਗੀਆਂ ਹਿੰਦੀ ਫ਼ਿਲਮਾਂ ਕੀਤੀਆਂ। ਉਹ ਇਕ ਅੰਗਰੇਜ਼ੀ ਅਤੇ ਦੋ ਬੰਗਾਲੀ ਭਾਸ਼ਾ ਦੀਆਂ ਫ਼ਿਲਮਾਂ ਵੀ ਕਰ ਚੁੱਕੀ ਹੈ। ਪਿਆ ਦਾ ਮੰਨਣਾ ਹੈ ਕਿ ਸੁਪਨਿਆਂ ਦੇ ਪਿੱਛੇ ਭੱਜਣ ਵਾਲੇ ਲੋਕ ਹੀ ਵੱਡੀ ਸਫਲਤਾ ਹਾਸਿਲ ਕਰਦੇ ਹਨ। ਜੇਕਰ ਤੁਸੀਂ ਸਭ ਰੁਕਾਵਟਾਂ ਦਾ ਸਾਹਮਣਾ ਕਰਦੇ ਹੋਏ ਆਪਣੇ ਸੁਪਨਿਆਂ ਦਾ ਪਿੱਛਾ ਕਰਦੇ ਹੋਏ ਆਪਣੇ ਕੰਮ ਵਿਚ ਲੱਗੇ ਰਹੋ ਉਦੋਂ ਦੁਨੀਆ ਦੀ ਕੋਈ ਤਾਕਤ ਤੁਹਾਨੂੰ ਸਫਲ ਹੋਣ ਤੋਂ ਨਹੀਂ ਰੋਕ ਸਕਦੀ।



# ਦਿਲਜੀਤ ਤੇ ਨਿਮਰਤ ਦੀ 'ਜੋੜੀ' ਨੇ ਜਿੱਤਿਆ ਦਰਸ਼ਕਾਂ ਦਾ ਦਿਲ

ਥਿੰਦ ਮੋਸ਼ਨ ਪਿਕਚਰਜ਼ ਅਤੇ ਰਿਦਮ ਬੁਆਏਜ਼ ਐਂਟਰਟੇਨਮੈਂਟ ਦੇ ਬੈਨਰ ਦੀ ਫਿਲਮ 'ਜੋੜੀ' ਦੇ ਨਿਰਮਾਤਾ ਹਨ ਕਾਰਜ ਗਿੱਲ ਅਤੇ ਦਲਜੀਤ ਥਿੰਦ। ਕਹਾਣੀ ਅਤੇ ਪਟਕਥਾ ਅੰਬਰਦੀਪ ਸਿੰਘ ਨੇ ਲਿਖੀ ਹੈ। ਇਸ ਦੇ ਮੁੱਖ ਕਿਰਦਾਰਾਂ ਵਿੱਚ ਦਿਲਜੀਤ ਦੁਸਾਂਝ ਅਤੇ ਨਿਮਰਤ ਖਹਿਰਾ ਹਨ। ਫਿਲਮ ਦੇ ਗੀਤ ਰਾਜ ਰਣਜੋਧ, ਹੈਪੀ ਰਾਏਕੋਟੀ, ਵੀਤ ਬਲਜੀਤ, ਹਰਸਿਮਰਜੀਤ ਸਿੰਘ ਅਤੇ ਬਾਬੂ ਸਿੰਘ ਮਾਨ ਨੇ ਲਿਖੇ ਹਨ ਜਿਨ੍ਹਾਂ ਨੂੰ ਆਵਾਜ਼ਾਂ ਦਿੱਤੀਆਂ ਹਨ ਦਿਲਜੀਤ ਦੁਸਾਂਝ, ਨਿਮਰਤ ਖਹਿਰਾ, ਰਾਜ ਰਣਜੋਧ ਅਤੇ ਸਿਮਰਨ ਕੌਰ ਧਾਂਡਲੀ ਨੇ। ਫਿਲਮ 'ਜੋੜੀ' ਨੇ ਪੰਜਾਬੀ ਸਿਨਮਾ ਵਿੱਚ ਰੌਣਕਾਂ ਲਾ ਦਿੱਤੀਆਂ ਹਨ ਜਿਸ ਨੂੰ ਦਰਸ਼ਕਾਂ ਵੱਲੋਂ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ। ਸਿਨਮਾ ਘਰਾਂ ਵਿੱਚ ਸਫਲਤਾ ਨਾਲ ਚੱਲ ਰਹੀ ਪੰਜਾਬੀ ਫਿਲਮ 'ਜੋੜੀ' ਅੱਸੀ ਦੇ ਦਹਾਕੇ ਦੀ ਪੰਜਾਬੀ ਸੰਗੀਤ ਜਗਤ ਦੀ ਦੁਨੀਆ ਨੂੰ ਫਿਲਮੀ ਪਰਦੇ 'ਤੇ ਪੇਸ਼ ਕਰਦੀ ਹੈ। ਇਹ ਅਜਿਹੀ ਫਿਲਮ ਹੈ ਜਿਸ ਨੂੰ ਪੰਜਾਬ ਦੀ ਮਸ਼ਹੂਰ ਦੋਗਾਣਾ ਜੋੜੀ ਅਮਰ ਸਿੰਘ ਚਮਕੀਲਾ ਅਤੇ ਬੀਬੀ ਅਮਰਜੋਤ ਕੌਰ ਦੀ ਜ਼ਿੰਦਗੀ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਇਸ ਫਿਲਮ ਦੀ ਕਹਾਣੀ ਫਿਲਮ ਨਿਰਦੇਸ਼ਕ, ਅਦਾਕਾਰ ਅਤੇ ਲੇਖਕ ਅੰਬਰਦੀਪ ਸਿੰਘ ਵੱਲੋਂ ਲਿਖੀ ਗਈ ਹੈ। ਅੰਬਰਦੀਪ ਸਿੰਘ ਦੀ ਹੀ ਨਿਰਦੇਸ਼ਨਾ ਵਿੱਚ ਬਣੀ ਇਹ ਫਿਲਮ ਵੀ ਉਨ੍ਹਾਂ ਦੀਆਂ ਪਹਿਲੀਆਂ ਫਿਲਮਾਂ ਵਾਂਗ ਹੀ ਪੰਜਾਬੀਅਤ ਦੀ ਬਾਤ ਪਾਉਂਦੀ ਹੈ। ਇਹ ਫਿਲਮ ਇੱਕ ਗਾਇਕ ਜੋੜੀ ਦੀ ਜੀਵਨੀ ਨਹੀਂ ਸਗੋਂ ਇਸ ਫਿਲਮ ਵਿੱਚ ਅੰਬਰਦੀਪ ਨੇ ਆਪਣੀ ਲਿਖਣ ਕਲਾ ਨਾਲ ਪੰਜਾਬੀ ਰਹਿਣ ਸਹਿਣ, ਪੰਜਾਬੀ ਸੋਚ, ਪੰਜਾਬੀਆਂ ਦੇ ਹਾਸੇ ਠੱਠੇ, ਪੰਜਾਬੀਆਂ ਦੇ ਦਿਲ ਦੇ ਵਲਵਲੇ ਉਨ੍ਹਾਂ ਦੀ ਮੁਹੱਬਤ, ਕੋਮਲਤਾ, ਈਰਖਾ, ਬਹਾਦਰੀ, ਸਿਰੜ ਅਤੇ ਕਿਰਤ ਦੀ ਬਾਤ ਪਾਈ ਹੈ। ਅੰਬਰਦੀਪ ਨੇ ਅਜਿਹੇ ਦ੍ਰਿਸ਼ ਸਿਰਜੇ ਹਨ ਜੋ ਇੰਝ ਲੱਗਦੇ ਹਨ ਕਿ ਜੋ ਅਸੀਂ ਦੇਖ ਰਹੇ ਹਾਂ ਉਹ ਤਾਂ ਹੈ ਹੀ, ਪਰ ਉਨ੍ਹਾਂ ਦ੍ਰਿਸ਼ਾਂ ਦੇ ਪਿੱਛੇ ਵੀ ਇੱਕ ਸੰਸਾਰ ਖੜ੍ਹਾ ਹੈ ਜੋ ਅਦ੍ਰਿਸ਼ ਹੈ ਜਿਸ ਨੂੰ ਸਮਝਣ ਲਈ ਸੂਖਮਤਾ ਦੀ ਲੋੜ ਹੈ। ਅੱਸੀ ਦੇ ਦਹਾਕੇ ਦੀ ਅਖਾੜਾ ਗਾਇਕੀ ਨੂੰ ਪੇਸ਼ ਕਰਦੀ ਉਸ ਜ਼ਮਾਨੇ ਦੀ ਗਾਇਕੀ, ਉਨ੍ਹਾਂ ਦੀ ਮਿਹਨਤ, ਅਖਾੜਾ ਗਾਇਕੀ ਦੇ ਪਿੜ ਵਿੱਚ ਖ਼ੁਦ ਨੂੰ ਸਥਾਪਿਤ ਕਰਨ ਦੀ ਜੱਦੋ ਜਹਿਦ, ਅਖਾੜਿਆਂ ਲਈ ਉਨ੍ਹਾਂ ਦੀ ਇੱਕ ਦੂਜੇ ਨਾਲ ਮੁਕਾਬਲੇ ਦੀ ਭਾਵਨਾ ਅਤੇ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਨੂੰ ਬਿਹਤਰੀਨ ਢੰਗ ਨਾਲ ਵਿਖਾਉਂਦੀ ਇਹ ਇੱਕ ਉੱਤਮ ਫਿਲਮ ਹੈ। ਫਿਲਮ ਦੀ ਕਹਾਣੀ ਇੱਕ ਅਜਿਹੇ ਗਾਇਕ ਅਮਰ ਸਿਤਾਰਾ (ਅਦਾਕਾਰ ਦਿਲਜੀਤ ਦੁਸਾਂਝ) ਦੇ ਦੁਆਲੇ ਘੁੰਮਦੀ ਦਿਖਾਈ ਗਈ ਹੈ ਜੋ ਗ਼ਰੀਬ ਘਰ ਤੋਂ ਉੱਠ ਕੇ ਆਪਣੀ ਗੀਤਕਾਰੀ ਅਤੇ ਗਾਇਕੀ ਦੇ ਦਮ 'ਤੇ ਸਫਲਤਾ ਦੇ ਅੰਬਰੀ ਉਡਾਰੀਆਂ ਮਾਰਦਾ ਹੈ। ਉਹ ਪੰਜਾਬ ਵਿੱਚ ਪ੍ਰਚੱਲਿਤ ਅਖਾੜਾ ਗਾਇਕੀ ਦਾ ਚੋਟੀ ਦਾ ਕਲਾਕਾਰ ਬਣਦਾ ਹੈ। ਇਸ ਵਿੱਚ ਉਸ ਦਾ ਸਾਥ ਦਿੰਦੀ ਹੈ ਗਾਇਕਾ ਕਮਲਜੋਤ (ਅਦਾਕਾਰਾ ਨਿਮਰਤ ਖਹਿਰਾ) ਜਿਸ ਨਾਲ ਮਿਲ ਕੇ ਅਮਰ ਸਿਤਾਰਾ ਸਫਲ ਦੋਗਾਣਾ ਜੋੜੀ ਬਣਾਉਂਦਾ ਹੈ, ਪਰ ਉਸ ਦੀ ਇਹ ਸਫਲਤਾ ਉਸ ਦੇ ਸਮਕਾਲੀ ਕਲਾਕਾਰਾਂ ਨੂੰ ਰਾਸ ਨਹੀਂ ਆਉਂਦੀ। ਉਹ ਵਿਹਲੇ ਬੈਠਣ ਲਈ ਮਜਬੂਰ ਹੋ ਜਾਂਦੇ ਹਨ ਕਿਉਂਕਿ ਹਰ ਵਿਆਹ ਸ਼ਾਦੀ 'ਤੇ ਸਭ ਲੋਕਾਂ ਦੀ ਇਹੋ ਖ਼ਾਹਿਸ਼ ਹੈ ਕਿ ਉਹ ਸਿਤਾਰਾ-ਕਮਲਜੋਤ ਦਾ ਹੀ ਅਖਾੜਾ ਲਗਵਾਉਣ। ਫਿਰ ਸਿਤਾਰੇ ਦੇ ਵਿਰੋਧੀ ਕਲਾਕਾਰ ਉਸ ਨੂੰ ਹੇਠਾਂ ਸੁੱਟਣ ਦੀਆਂ ਸਕੀਮਾਂ ਘੜਦੇ ਰਹਿੰਦੇ ਹਨ।



ਇਸ ਦੇ ਬਾਵਜੂਦ ਸਿਤਾਰਾ ਤੇ ਕਮਲਜੋਤ ਦੀ ਲੋਕਪ੍ਰਿਅਤਾ ਵਿੱਚ ਕੋਈ ਕਮੀ ਨਹੀਂ ਆਉਂਦੀ। ਫਿਲਮ ਵਿੱਚ ਜੇਕਰ ਅਦਾਕਾਰੀ ਦੀ ਗੱਲ ਕਰੀਏ ਤਾਂ ਮੁੱਖ ਅਦਾਕਾਰ ਦਿਲਜੀਤ ਦੁਸਾਂਝ ਨੇ ਆਪਣੇ ਕਿਰਦਾਰ ਅਮਰ ਸਿਤਾਰਾ ਨੂੰ ਜੀਵਿਆ ਹੈ। ਉਸ ਨੇ ਆਪਣੀ ਬਿਹਤਰੀਨ ਅਦਾਕਾਰੀ ਨਾਲ ਆਪਣੇ ਕਿਰਦਾਰ ਵਿੱਚ ਜਾਨ ਪਾਈ ਹੈ। ਅਦਾਕਾਰਾ ਨਿਮਰਤ ਖਹਿਰਾ ਨੇ ਆਪਣੀ ਮਾਸੂਮ ਦਿਖ, ਬੋਲਦੀਆਂ ਅੱਖਾਂ ਅਤੇ ਚਿਹਰੇ ਦੇ ਹਾਵਭਾਵ ਨਾਲ ਜਿਸ ਤਰ੍ਹਾਂ ਆਪਣੇ ਕਿਰਦਾਰ ਨੂੰ ਨਿਭਾਇਆ ਹੈ ਉਸ ਦੀ ਜਿੰਨੀ ਤਾਰੀਫ਼ ਕੀਤੀ ਜਾਵੇ ਉਹ ਘੱਟ ਹੈ। ਨਿਮਰਤ ਖਹਿਰਾ ਦੇ ਫਿਲਮੀ ਕਰੀਅਰ ਦੀ ਇਹ ਬਿਹਤਰੀਨ ਫਿਲਮ ਹੈ। ਫਿਲਮ ਵਿੱਚ ਤੀਸਰਾ ਕਿਰਦਾਰ ਹੈ ਭੋਲਾ (ਅਦਾਕਾਰ ਰਵਿੰਦਰ ਮੰਡ) ਜੋ ਬਹੁਤ ਹੀ ਸੁਲਝਿਆ ਹੋਇਆ ਅਦਾਕਾਰ ਹੈ। ਫਿਲਮ ਵਿੱਚ ਉਸ ਦਾ ਕਿਰਦਾਰ ਅਮਰ ਸਿਤਾਰਾ ਦੇ ਦੋਸਤ ਅਤੇ ਮਗਰੋਂ ਸੈਕਟਰੀ ਦਾ ਹੈ ਜੋ ਅਮਰ ਸਿਤਾਰੇ ਦੇ ਗਾਇਕੀ ਕਰੀਅਰ ਨੂੰ ਉੱਚੇ ਮਕਾਮ 'ਤੇ ਲੈ ਕੇ ਜਾਣ ਵਿੱਚ ਉਸ ਦੀ ਮਦਦ ਕਰਦਾ ਹੈ। ਮੰਝੇ ਹੋਏ ਅਦਾਕਾਰ ਹਰਦੀਪ ਗਿੱਲ ਨੇ ਫਿਲਮ ਵਿੱਚ ਆਪਣੀ ਸਜੀਵ ਅਦਾਕਾਰੀ ਨਾਲ ਅੱਸੀਵਿਆਂ ਦੇ ਦੌਰ ਦੇ ਸੰਗੀਤ ਉਸਤਾਦਾਂ ਦੇ ਆਪਣੇ ਸ਼ਾਗਿਰਦਾਂ ਨੂੰ ਸੰਗੀਤ ਸਿਖਾਉਣ ਦੇ ਤਰੀਕਿਆਂ ਨੂੰ ਹੂਬਹੂ ਪੇਸ਼ ਕੀਤਾ ਹੈ। ਉਸ ਦੇ ਸ਼ਾਗਿਰਦ ਦਾ ਉਸ ਨਾਲੋਂ ਵੱਧ ਮਸ਼ਹੂਰ ਹੋਣ ਕਰਕੇ ਜੋ ਉਸ ਦੇ ਅੰਦਰ ਈਰਖਾ ਦਾ ਇੱਕ ਦਵੰਦ ਚੱਲਦਾ ਹੈ ਉਸ ਨੂੰ ਹਰਦੀਪ ਗਿੱਲ ਨੇ ਪਰਦੇ 'ਤੇ ਬਾਖ਼ੂਬੀ ਪੇਸ਼ ਕੀਤਾ ਹੈ। ਫਿਲਮ ਵਿੱਚ ਬਹੁਤ ਸਾਰੇ ਅਜਿਹੇ ਦ੍ਰਿਸ਼ ਹਨ ਜਿਨ੍ਹਾਂ ਨੂੰ ਵੇਖ ਕੇ ਤੁਹਾਡੀ ਰੂਹ ਝੰਜੋੜੀ ਜਾਂਦੀ ਹੈ। ਫਿਲਮ ਦਾ ਗੀਤ ਸੰਗੀਤ ਵੀ ਬਹੁਤ ਵਧੀਆ ਹੈ ਜੋ ਅੱਸੀ ਦੇ ਦਹਾਕੇ ਦੀ ਯਾਦ ਦਿਵਾਉਂਦਾ ਹੈ। ਤੂੰਬੀ, ਢੋਲਕੀ, ਹਾਰਮੋਨੀਅਮ ਅਤੇ ਹੋਰ ਦੇਸੀ ਸਾਜ਼ਾਂ ਨਾਲ ਗਾਏ ਇਸ ਦੇ ਸਾਰੇ ਗੀਤ ਹੀ ਸੰਗੀਤ ਪ੍ਰੇਮੀਆਂ ਵੱਲੋਂ ਬੇਹੱਦ ਪਸੰਦ ਕੀਤੇ ਜਾ ਰਹੇ ਹਨ।

# ਹਮੇਸ਼ਾ ਪਿਆਰ 'ਚ ਰਹਿਣਾ ਚਾਹੁੰਦੀ ਹਾਂ-ਕਾਰਦਾਸ਼ੀਆਂ

ਲਾਸ ਏਂਜਲਸ-ਅਮਰੀਕੀ ਮਾਡਲ ਅਤੇ ਮੀਡੀਆ ਹਸਤੀ ਕਿਮ ਕਾਰਦਾਸ਼ੀਆਂ ਦਾ ਕਹਿਣਾ ਹੈ ਕਿ ਉਹ ਹਮੇਸ਼ਾਂ ਪਿਆਰ ਕਰਦੇ ਰਹਿਣਾ ਚਾਹੁੰਦੀ ਹੈ ਹਾਲਾਂਕਿ ਉਹ ਆਪਣੇ ਆਪ ਨੂੰ ਰੁਮਾਂਟਿਕ ਨਹੀਂ ਸਮਝਦੀ। ਮਿਰਰ.ਕੋ.ਯੂਕੇ ਦੀ ਰਿਪੋਰਟ ਅਨੁਸਾਰ 42 ਸਾਲਾ ਮਾਡਲ ਨੇ ਕਿਹਾ ਕਿ ਉਹ ਕਿਸੇ ਨਾਲ ਜ਼ਿੰਦਗੀ ਜਿਉਣ ਦਾ ਵਿਚਾਰ ਪਸੰਦ ਕਰਦੀ ਹੈ ਪਰ ਛੇ ਮਹੀਨੇ ਪਹਿਲਾਂ ਰੈਪਰ ਕੈਨੀ ਵੈਸਟ ਨਾਲ ਤਲਾਕ ਹੋਣ ਮਗਰੋਂ ਉਹ ਆਪਣਾ ਸਮਾਂ ਲੈ ਰਹੀ ਹੈ। 45 ਸਾਲਾ ਸੰਗੀਤ ਕਲਾਕਾਰ ਨੇ ਕਿਮ ਨਾਲ ਤਲਾਕ ਮਗਰੋਂ ਜਨਵਰੀ ਵਿੱਚ ਯੀਜ਼ੀ ਆਰਕੀਟੈਕਟ ਬਿਆਂਕਾ ਸੇਨਸਰੀ ਨਾਲ ਵਿਆਹ ਕਰਵਾ ਲਿਆ ਸੀ। ਮਿਰਰ.ਕੋ.ਯੂਕੇ ਅਨੁਸਾਰ ਜੈ ਸ਼ੈਟੀ ਦੇ ਪੋਡਕਾਸਟ 'ਆਨ ਪਰਪਜ਼' ਵਿੱਚ ਕਿਮ ਨੇ ਕਿਹਾ ਕਿ ਉਹ ਸਿੰਗਲ ਹੋਣ ਦੇ ਬਾਵਜੂਦ ਇਕੱਲੀ ਨਹੀਂ ਹੈ ਕਿਉਂਕਿ ਉਸ ਦੀ ਜ਼ਿੰਦਗੀ ਵਿੱਚ ਕਾਫੀ ਕੁੱਝ ਚੱਲ ਰਿਹਾ ਹੈ। ਇਹ ਪੁੱਛੇ ਜਾਣ 'ਤੇ ਕਿ ਕੀ ਉਹ ਮੁੜ ਕਦੇ ਕਿਸੇ ਨਾਲ ਪਿਆਰ ਕਰੇਗੀ, ਕਿਮ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਮੈਂ ਰੁਮਾਂਟਿਕ ਨਹੀਂ ਹਾਂ ਪਰ ਹਮੇਸ਼ਾ ਪਿਆਰ ਵਿੱਚ ਰਹਿਣਾ ਚਾਹੁੰਦੀ ਹਾਂ। ਮੈਂ ਯਕੀਨੀ ਤੌਰ 'ਤੇ ਕਿਸੇ ਨਾਲ ਆਪਣੀ ਜ਼ਿੰਦਗੀ ਸਾਂਝੀ ਕਰਨੀ ਚਾਹੁੰਦੀ ਹਾਂ।" ਉਸ ਨੇ ਕਿਹਾ, "ਮੈਂ ਯਕੀਨੀ ਤੌਰ 'ਤੇ ਸਮਾਂ ਲਵਾਂਗੀ। ਮੈਂ ਹਮੇਸ਼ਾ ਪਿਆਰ 'ਤੇ ਭਰੋਸਾ ਰੱਖਾਂਗੀ ਅਤੇ ਹਮੇਸ਼ਾ ਇਹ ਚਾਹਾਂਗੀ। ਮੈਨੂੰ ਲੱਗਦਾ ਹੈ ਕਿ ਮੈਂ ਆਪਣਾ ਸਮਾਂ ਲੈ ਸਕਦੀ ਹਾਂ। ਇਸ ਵਿੱਚ ਕੋਈ ਜਲਦਬਾਜ਼ੀ ਨਹੀਂ। ਮੇਰੀ ਜ਼ਿੰਦਗੀ ਵਿੱਚ ਬਹੁਤ ਕੁੱਝ ਹੋ ਰਿਹਾ ਹੈ। ਮੈਂ ਇਕੱਲੀ ਨਹੀਂ ਹਾਂ।"



# ਸਿਰਫ਼ ਭਾਰਤੀਆਂ ਤੋਂ ਨੌਕਰੀ ਲਈ ਅਰਜ਼ੀਆਂ ਮੰਗਣ 'ਤੇ ਨਿਊ ਜਰਸੀ ਦੀ ਆਈਟੀ ਕੰਪਨੀ ਨੂੰ ਜੁਰਮਾਨਾ

ਵਾਸ਼ਿੰਗਟਨ-ਅਮਰੀਕਾ ਵਿੱਚ ਨਿਊਜਰਸੀ ਦੀ ਆਈਟੀ ਕੰਪਨੀ ਨੂੰ ਕਥਿਤ ਤੌਰ 'ਤੇ ਭੇਦਭਾਵ ਵਾਲੇ ਨੌਕਰੀਆਂ ਦੇ ਇਸ਼ਤਿਹਾਰ ਜਾਰੀ ਕਰਨ ਅਤੇ ਸਿਰਫ਼ ਭਾਰਤੀਆਂ ਤੋਂ ਅਰਜ਼ੀਆਂ ਮੰਗਣ ਦੇ ਦੋਸ਼ ਵਿੱਚ 25,500 ਡਾਲਰ ਦਾ ਜੁਰਮਾਨਾ ਲਗਾਇਆ ਗਿਆ ਹੈ। ਨਿਆਂ ਵਿਭਾਗ ਨੇ ਦੋਸ਼ ਲਾਇਆ ਕਿ ਸੂਚਨਾ ਤਕਨਾਲੋਜੀ (ਆਈਟੀ) ਕੰਪਨੀ ਇਨਫੋਸੋਫਟ ਸੋਲਿਊਸ਼ਨਜ਼ ਇੰਕ ਨੇ ਛੇ ਪੱਖਪਾਤੀ ਨੌਕਰੀਆਂ ਦੇ ਇਸ਼ਤਿਹਾਰ ਪੋਸਟ ਕਰਕੇ ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਐਕਟ (ਆਈਐੱਨਏ) ਦੀ ਉਲੰਘਣਾ ਕੀਤੀ ਹੈ। ਇਸ਼ਤਿਹਾਰਾਂ ਵਿੱਚ ਕਥਿਤ ਤੌਰ 'ਤੇ ਸਿਰਫ਼ ਗੈਰ-ਅਮਰੀਕੀ ਨਾਗਰਿਕਾਂ ਤੋਂ ਅਰਜ਼ੀਆਂ ਮੰਗੀਆਂ ਗਈਆਂ ਸਨ ਅਤੇ ਇੱਕ ਵਿਗਿਆਪਨ ਵਿੱਚ ਸਿਰਫ਼ ਭਾਰਤੀਆਂ ਨੂੰ ਅਰਜ਼ੀ ਦੇਣ ਲਈ ਕਿਹਾ ਗਿਆ ਸੀ।

TSM GALLERY

High quality artwork for your home or business, religious or public places.
We specialize in all kind of wallpaper installation.

Mehndi(henna), Jagua, Airbrush Body Art, Temporary Tattoo.
Learn in your spare time,
Earn extra income gain friends
Training available.

Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca



# 'ਗੋਡੇ-ਗੋਡੇ ਚਾਅ' ਨੂੰ ਮਿਲਿਆ ਦਰਸ਼ਕਾਂ ਦਾ ਭਰਭੂਰ ਹੁੰਗਾਰਾ

## ਦਰਸ਼ਕਾਂ ਦੀ ਪਸੰਦ ਦੀ ਕਸਵੱਟੀ 'ਤੇ ਖਰ੍ਹੀ ਉੱਤਰ ਰਹੀ ਹੈ ਫ਼ਿਲਮ-ਸੋਨਮ ਬਾਜਵਾ





ਪੰਜਾਬੀ ਫ਼ਿਲਮ ਖੇਤਰ ਬੀਤੇ ਦਿਨੀਂ ਰਿਲੀਜ਼ ਹੋਈ ਫ਼ਿਲਮ 'ਗੋਡੇ-ਗੋਡੇ ਚਾਅ' ਵਿਚਲੇ ਅਦਾਕਾਰਾਂ ਦੇ ਨਾਲ-ਨਾਲ ਫ਼ਿਲਮ ਦੇ ਨਿਰਦੇਸ਼ਕ ਵੀ ਇਸ ਫ਼ਿਲਮ ਨੂੰ ਮਿਲੇ ਚੰਗੇ ਹੁਲਾਰੇ ਤੋਂ ਕਾਫ਼ੀ ਖੁਸ਼ ਨਜ਼ਰ ਆ ਰਹੇ ਹਨ। ਫ਼ਿਲਮ ਵਿਚ ਮੁੱਖ ਅਦਾਕਾਰਾ ਦੀ ਭੂਮਿਕਾ ਨਿਭਾਅ ਰਹੀ ਅਦਾਕਾਰਾ ਸੋਨਮ ਬਾਜਵਾ ਇਸ ਫ਼ਿਲਮ ਨੂੰ ਲੈ ਕੇ ਕਾਫ਼ੀ ਉਤਸ਼ਾਹਿਤ ਹੈ। ਉਸ ਨੇ ਕਿਹਾ ਕਿ ਉਸ ਨੂੰ ਸਹਿਜੇ ਹੀ ਆਸ ਸੀ ਕਿ ਇਹ ਫ਼ਿਲਮ ਦਰਸ਼ਕਾਂ ਦੀ ਕਸਵੱਟੀ 'ਤੇ ਖਰ੍ਹੀ ਉਤਰੇਗੀ। ਫ਼ਿਲਮ ਦੀ ਦੂਸਰੀ ਅਦਾਕਾਰਾ ਤਾਨੀਆ ਨੇ ਕਿਹਾ ਕਿ ਫ਼ਿਲਮ ਵਿਚ ਜਿਸ ਤਰ੍ਹਾਂ ਪਹਿਲਾਂ ਸਾਡੇ ਰੀਤੀ ਰਿਵਾਜ਼ਾਂ ਵਿਚ ਵਿਆਹ-ਸ਼ਾਦੀ ਸਮੇਂ ਬਾਰਾਤ ਵਿਚ ਲੜਕੀਆਂ ਨੂੰ ਨਾਲ ਨਹੀਂ ਲਿਜਾਇਆ ਜਾਂਦਾ ਸੀ, ਇਥੋਂ ਤੱਕ ਕਿ ਭੈਣਾਂ ਤੋਂ ਇਲਾਵਾ ਮਾਵਾਂ ਵੀ ਆਪਣੇ ਪੁੱਤਰ ਦੀ ਬਾਰਾਤ ਨਹੀਂ ਜਾਂਦੀਆਂ ਸਨ ਪਰ ਹੁਣ ਸਮਾਂ ਬਦਲ ਗਿਆ ਹੈ, ਹੁਣ ਸਭ ਕੁਝ ਠੀਕ ਹੋ ਗਿਆ ਹੈ। ਪਰ



ਅਜੇ ਵੀ ਸਮਾਜ ਵਿਚ ਔਰਤਾਂ ਨੂੰ ਬਰਾਬਰ ਰੱਖਣ ਲਈ ਬਹੁਤ ਕੁਝ ਕਰਨ ਦੀ ਲੋੜ ਹੈ। ਫ਼ਿਲਮ ਦੇ ਮੁੱਖ ਅਦਾਕਾਰ ਗੀਤਾਜ਼ ਬਿੰਦਰਖੀਆ ਨੇ ਕਿਹਾ ਕਿ ਫ਼ਿਲਮ 'ਗੋਡੇ-ਗੋਡੇ ਚਾਅ' ਉਸ ਦੀ ਦੂਜੀ ਫ਼ਿਲਮ ਹੈ। ਉਨ੍ਹਾਂ ਕਿਹਾ ਕਿ ਗਾਇਕੀ ਹਮੇਸ਼ਾ ਉਸ ਦੇ ਦਿਲ ਵਿਚ ਰਹਿੰਦੀ ਹੈ ਤੇ ਉਹ ਇਸ ਨੂੰ ਵਧੇਰੇ ਪ੍ਰਮੁੱਖਤਾ ਦਿੰਦੇ ਹਨ, ਭਾਵੇਂ ਕਿ ਉਹ ਅਦਾਕਾਰੀ ਖੇਤਰ ਵਿਚ ਪ੍ਰਵੇਸ਼ ਕਰ ਗਏ ਹਨ। ਫ਼ਿਲਮ ਦੇ ਨਿਰਦੇਸ਼ਕ ਅਮਨ ਅਰੋੜਾ ਦਾ ਕਹਿਣਾ ਹੈ ਕਿ ਫਿਲਮ ਸਾਡੇ ਪੁਰਾਣੇ ਰੀਤੀ-ਰਿਵਾਜਾਂ 'ਤੇ ਝਾਤ ਪਾਉਂਦੀ ਹੈ। ਗੁਰਜੈਜ਼ ਦਾ ਕਹਿਣਾ ਹੈ ਕਿ ਫ਼ਿਲਮ ਦੋ ਭਰਾਵਾਂ ਦੇ ਇਕ ਪਰਿਵਾਰ ਦੀ ਕਹਾਣੀ ਹੈ। ਸਾਰੀ ਟੀਮ ਨੇ ਫ਼ਿਲਮ ਨੂੰ ਮਿਲ ਰਹੇ ਭਰਭੂਰ ਹੁੰਗਾਰੇ ਲਈ ਦਰਸ਼ਕਾਂ ਦਾ ਧੰਨਵਾਦ ਕੀਤਾ ਹੈ ਤੇ ਦਰਸ਼ਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪੂਰੇ ਪਰਿਵਾਰ ਸਮੇਤ ਇਸ ਫ਼ਿਲਮ ਨੂੰ ਦੇਖਣ ਜਾਣ।


ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।


ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED


Bank Turndown?
Could be just
what you need!
Quick
Private
Funds
$10,000 to
$1 Million in
just 24 Hours
Up to $5 Million
Available
Call today to get started
SANJEEV KATYAL
604.767.5194
Info@katyalmortgage.ca
invis
Canada's Mortgage Experts™
WWW.KATYALMORTGAGE.CA


Rajan MANGOES
NOW AVAILABLE ONLY AT
fruiticana
SINCE 1994
fruiticana hee jaana!
LOWEST PRICES IN TOWN
EXTRA SUPER SPECIAL
Available Only at Fruiticana
Rajan Haden Mangoes 4 kg
ਰਾਜਨ ਹੇਡਨ ਅੰਬ
$15.99 box
EXTRA SUPER SUPER SPECIAL
Tea India 216's
ਟੀ ਇੰਡੀਆ
$7.99 box
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
99¢ lb
SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.99 ea.
SUPER SPECIAL
Spinach
ਪਾਲਕ
$1.29 bunch
Almonds #1
ਬਦਾਮ
$3.98 lb
Seedless Oranges Large Size
ਵੱਡੇ ਸੰਤਰੇ ( ਬਿਨਾ ਬੀਜ ਤੋਂ )
$1.29 lb
SUPER SPECIAL
English Cucumbers
ਇੰਗਲਿਸ਼ ਖੀਰੇ
2 for $1.50
SUPER SPECIAL
Maggi Masala Noodles 70 g
ਮੈਗੀ ਮਸਾਲਾ ਨੂਡਲਜ਼
3 for 99¢
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Cilantro
ਧਣੀਆ
2 bunches for $1.50
SUPER SPECIAL
Chickpeas
ਚਿੱਟੇ ਛੋਲੇ
99¢ lb
SUPER SPECIAL
Red Lentil Whole
ਮਸਰਾ ਦੀ ਸਾਬਤ ਦਾਲ
78¢ lb
Green Cardamom (Elaichi) FG
ਹਰੀ ਇਲਾਇਚੀ ਐੱਫ ਜੀ
$13.99 lb
Green Bell Peppers
ਹਰੀ ਸ਼ਿਮਲਾ ਮਿਰਚ
99¢ lb
Russet Potatoes Snoboy 10 lbs USA #1
ਆਲੂ ਰਸਟ ਸਨੋਬੁਆਏ ਯੂ.ਐਸ. #੧
$5.98 bag
Fresh Garlic
ਤਾਜ਼ਾ ਲਸਣ
98¢ lb
Rooh Afza Indian 750 ml
ਰੂਹ ਅਫਜ਼ਾ
$3.99 bottle
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
Ginger
ਅਦਰਕ
$2.89 lb
Roma & Round Tomatoes
ਰੋਮਾ ਜਾਂ ਗੋਲ ਟਮਾਟਰ
$1.29 lb
Daikon (Moli)
ਮੂਲੀ
99¢ lb
Black Chana, Chana Dal & Red Lentil Whole Red Lentil Split 4 lbs (Indican)
ਕਾਲੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ,ਧੋਤੀ ਮਸਰਾਂ ਦੀ ਦਾਲ ( ਇੰਡੀਕੈਂਨ )
$3.98 bag
Fri May 26, 2023 - Wed May 31, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS
9 AM - 8 PM
7 DAYS A WEEK
Newton ----------- 13783 72nd Ave. Surrey ---- 604-590-2080
Newton ----------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ----------------- 236-317-6272
Surrey ------------ 12990 72nd Ave. -------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ----------------- 604-372-2023
Surrey ------------ 101-7228 192St. --------------- 604-575-3750
New Westminster 101-331 6th St. --------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. ---------------- 604-321-9931
Richmond-------- 4101 No.5 Rd. ----------------- 604-244-9520